ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit **punjabipost.ca/epaper** | Vol 20* Issue 213 | Friday, October 29, 2021 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON





# ਜੀਟੀਏ ਪੁਲਿਸ ਨੇ ਲੋਕਾਂ ਨੂੰ ਟੈਕਸੀ ਸਕੈਮ ਤੋਂ ਚੌਕਸ ਰਹਿਣ ਦੀ ਦਿੱਤੀ ਚੇਤਾਵਨੀ

ਟੋਰਾਂਟੋ, 28 ਅਕਤੂਬਰ (ਪੋਸਟ ਬਿਊਰੋ) : ਇੱਕ ਸਾਲ ਤੋਂ ਜੀਟੀਏ ਵਿੱਚ ਚੱਲ ਰਹੇ ਫੇਕ ਟੈਕਸੀ ਸਕੈਮ ਤੋਂ ਪੁਲਿਸ ਨੇ ਸਾਰਿਆਂ ਨੂੰ ਚੌਕਸ ਰਹਿਣ ਦੀ ਚੇਤਾਵਨੀ ਦਿੱਤੀ ਹੈ।

ਇਸ ਸਕੈਮ ਵਿੱਚ ਜਾਅਲੀ ਟੈਕਸੀ ਤੇ ਮਸ਼ਕੂਕ ਜੋੜੇ ਬਣਾ ਕੇ ਕੰਮ ਕਰਦੇ ਹਨ, ਫਿਰ ਇਹ ਲੋਕਾਂ ਕੋਲੋਂ ਉਨ੍ਹਾਂ ਦੇ ਡੈਬਿਟ ਜਾਂ ਕ੍ਰੈਡਿਟ ਕਾਰਡਜ਼ ਸਬੰਧੀ ਜਾਣਕਾਰੀ ਚੋਰੀ ਕਰ ਲੈਂਦੇ ਹਨ।ਇਸ ਸਕੈਮ ਬਾਰੇ ਨਵੰਬਰ




2020 ਵਿੱਚ ਪਹਿਲੀ ਵਾਰੀ ਰਿਪੋਰਟ ਕੀਤਾ ਗਿਆ ਸੀ।ਦੋ ਹਫਤੇ ਪਹਿਲਾਂ ਓਕਵਿੱਲ ਵਿੱਚ ਇਸ ਤਰ੍ਹਾਂ ਦੇ ਤਿੰਨ ਮਾਮਲੇ ਸਾਹਮਣੇ ਆਉਣ ਉੱਤੇ ਹਾਲਟਨ ਪੁਲਿਸ ਵੱਲੋਂ ਇਸ ਮਹੀਨੇ ਚੇਤਾਵਨੀ ਜਾਰੀ ਕੀਤੀ ਗਈ ਹੈ।

ਜੀਟੀਏ ਦੀਆਂ ਪੁਲਿਸ ਸਰਵਿਸਿਜ਼ ਵੱਲੋਂ ਇੱਕੋ ਜਿਹੇ ਪੈਟਰਨ ਨਾਲ ਹੋਈਆਂ ਚੋਰੀਆਂ ਦਾ ਵੇਰਵਾ ਦਿੱਤਾ ਗਿਆ :

- ਇਸ ਸਕੈਮ ਵਿੱਚ ਦੋ ਮਸ਼ਕੂਕ ਸ਼ਾਮਲ ਹੁੰਦੇ ਹਨ। ਇੱਕ ਟੈਕਸੀ ਡਰਾਈਵਰ ਵਾਂਗ ਕੰਮ ਕਰਦਾ ਹੈ ਤੇ ਦੂਜਾ ਕਸਟਮਰ ਵਾਂਗ ਕੰਮ ਕਰਦਾ ਹੈ।
- ਟੈਕਸੀ ਡਰਾਈਵਰ ਆਪਣੇ ਕਸਟਮਰ ਤੋਂ ਨਕਦੀ ਦੇ ਰੂਪ ਵਿੱਚ ਕਿਰਾਇਆ ਲੈਣ ਤੋਂ ਇਨਕਾਰ ਕਰਦਾ ਹੈ ਤੇ ਕਸਟਮਰ ਨੇੜੇ ਮੌਜੂਦ ਲੋਕਾਂ ਤੋਂ ਮਦਦ ਮੰਗਦਾ ਹੈ।
- ਲੋਕਾਂ ਨੂੰ ਕਿਰਾਏ ਲਈ ਉਨ੍ਹਾਂ ਦੇ ਡੈਬਿਟ ਕਾਰਡ ਦੀ ਵਰਤੋਂ ਕਰਨ ਲਈ ਆਖਿਆ ਜਾਂਦਾ ਹੈ, ਇਸ ਲਈ ਜਿਸ ਵਿਅਕਤੀ ਨੂੰ ਸ਼ਿਕਾਰ ਬਣਾਇਆ ਜਾਂਦਾ ਹੈ ਉਸ ਨੂੰ ਨਕਦੀ ਵੀ ਦਿੱਤੀ ਜਾਂਦੀ ਹੈ।

...ਬਾਕੀ ਪੰਨਾ 5 'ਤੇ

# ਪੀਲ ਪੁਲੀਸ ਦੇ ਪੰਜਾਬੀ ਕਮਿਊਨਿਟੀ ਨਾਲ ਸਬੰਧਾਂ ਵਿੱਚ ਇੱਕ ਨਵੀਂ ਸ਼ੁਰੂਆਤ- ਇੱਕ ਨਵੀਂ ਉਮੀਦ



-ਪੰਜਾਬੀ ਪੋਸਟ ਵਿਸ਼ਲੇਸ਼ਣ-

ਕੈਨੇਡੀਅਨ ਪੰਜਾਬੀ ਬਰਾਡਕਾਸਟਰ ਐਸੋਸੀਏਸ਼ਨ ਵੱਲੋਂ ਇੱਕ ਵਿੱਲਖਣ ਉੱਦਮ ਕਰਕੇ ਬੁੱਧਵਾਰ ਸ਼ਾਮ ਨੂੰ ਕੁਈਨ ਮੈਨੋਰ (Queen's Manor) ਈਵੈਂਟ ਸੈਂਟਰ ਵਿੱਚ ਪੀਲ ਰੀਜਨਲ ਪੁਲੀਸ ਮੁਖੀ ਅਤੇ ਪੁਲੀਸ ਫੋਰਸ ਦੇ ਉੱਚ ਅਧਿਕਾਰੀਆਂ ਨਾਲ ਇੱਕ ਮਿਲਣੀ ਦਾ ਆਯੋਜਿਨ ਕੀਤਾ ਗਿਆ। ਇਹ ਮਿਲਣੀ ਕੋਈ ਸਾਧਾਰਨ ਪਰੈੱਸ ਕਾਨਫਰੰਸ ਨਹੀਂ ਸੀ ਬਲਕਿ ਦੋਵਾਂ ਧਿਰਾਂ ਵੱਲੋਂ ਪੁਲੀਸ ਅਤੇ ਕਮਿਊਨਿਟੀ ਦਰਮਿਆਨ ਸੁਖਾਵੇਂ, ਸਿਹਤਮੰਦ ਅਤੇ ਨਿੱਗਰ ਸਬੰਧ ਕਾਇਮ ਕਰਨ ਦਾ ਉਪਰਾਲਾ ਸੀ। ਕਿਸੇ ਨਵੇਂ ਉੱਦਮ ਵਿੱਚੋਂ ਕਿਹੋ ਜਿਹੀਆਂ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ, ਉਸ ਬਾਰੇ ਅੰਦਾਜ਼ਾ ਸਬੰਧਿਤ ਧਿਰਾਂ ਦੀ ਸੁਹਰਦਿਤਾ ਤੋਂ ਲਾਇਆ ਜਾ ਸਕਦਾ ਹੈ। ਬੁੱਧਵਾਰ ਨੂੰ ਹੋਏ ਸਮਾਗਮ ਵਿੱਚ ਸਿਰਫ਼ ਪੀਲ ਰੀਜਨਲ ਪੁਲੀਸ ਦੇ ਮੁਖੀ ਨਿਸ਼ਾਨ ਦੁਰਿਆਅੱਪਾ ਨੇ ਖੁਦ ਹੀ ਚਾਰ ਘੰਟੇ ਦੇ ਕਰੀਬ ਸ਼ਮੂਲੀਅਤ ਨਹੀਂ ਕੀਤੀ ਸਗੋਂ ਪੁਲੀਸ ਮੁਖੀ ਦੀ ਮੈਨਜੇਮੈਂਟ ਗਰੁੱਪ ਦੇ ਸਮੂਹ ਮੈਂਬਰਾਂ ਨੇ ਹਿੱਸਾ ਲਿਆ। ਇਹਨਾਂ ਵਿੱਚ ਚਾਰੇ ਡਿਪਟੀ ਚੀਫ਼ ਮਾਰਕ ਐਂਡਰੀਊਜ਼, ਰੈਂਡੀ ਪੈਟਰਿਕ, ਐਂਥਨੀ ਓਡੋਆਰਡੀ ਅਤੇ ਨਿੱਕ ਮਿਲੀਨੋਵਿੱਕ ਸ਼ਾਮਲ ਸਨ। ਇਸਤੋਂ ਇਲਾਵਾ ਕਈ ਸੁਪਰਡੰਟ ਅਤੇ ਇਨਸਪੈਕਟਰ ਪੱਧਰ ਦੇ ਅਫ਼ਸਰ ਮੌਕੇ ਉੱਤੇ ਸੁਆਲਾਂ ਦੇ ਜਵਾਬ ਦੇਣ ਦੇ ਨਾਲ ਨਾਲ ਕਮਿਊਨਿਟੀ ਨਾਲ ਰਾਬਤੇ ਦੀ ਤਾਰ ਨੂੰ ਹੋਰ ਮਜ਼ਬੂਤ ਕਰਨ ਦੇ ਅਵਸਰਾਂ ਬਾਰੇ ਗੱਲ ਸੁਣਨ ਲਈ ਤਤਪਰ ਵਿਖਾਈ ਦਿੱਤੇ। ਪੀਲ ਰੀਜਨਲ ਪੁਲੀਸ ਬੋਰਡ ਦੇ ਉੱਪ ਮੁਖੀ ਰੌਨ ਚੱਠਾ ਦਾ ਸਮਾਗਮ ਦੀ ਸਫ਼ਲਤਾ ਵਿੱਚ ਵਿਸ਼ੇਸ਼ ਯੋਗਦਾਨ ਰਿਹਾ।

...ਬਾਕੀ ਪੰਨਾ 18 'ਤੇ

## ਉਮੀਦ ਨਾਲੋਂ ਪਹਿਲਾਂ ਹੋ ਸਕਦਾ ਹੈ ਵਿਆਜ਼ ਦਰਾਂ ਵਿੱਚ ਵਾਧਾ : ਬੈਂਕ ਆਫ ਕੈਨੇਡਾ

ਓਟਵਾ, 28 ਅਕਤੂਬਰ (ਪੋਸਟ ਬਿਊਰੋ): ਬੈਂਕ ਆਫ ਕੈਨੇਡਾ ਦਾ ਕਹਿਣਾ ਹੈ ਕਿ ਪਹਿਲਾਂ ਕੀਤੀ ਗਈ ਪੇਸ਼ੀਨਿਗੋਈ ਤੋਂ ਉਲਟ ਮਹਿੰਗਾਈ ਪਹਿਲਾਂ ਨਾਲੋਂ ਵੱਧ ਸਮੇਂ ਲਈ ਰਹੇਗੀ। ਬੈਂਕ ਨੇ ਇਹ ਸੰਕੇਤ ਵੀ ਦਿੱਤਾ ਕਿ ਵਿਆਜ਼ ਦਰਾਂ ਵਿੱਚ ਵਾਧਾ ਵੀ ਉਮੀਦ ਨਾਲੋਂ ਪਹਿਲਾਂ ਹੋਵੇਗਾ।

ਬੈਂਕ ਨੇ ਆਖਿਆ ਕਿ ਸਾਲਾਨਾ ਮਹਿੰਗਾਈ ਦਰ ਵਿੱਚ ਵਾਧਾ ਸਾਰਾ ਸਾਲ




ਬਣਿਆ ਰਹੇਗਾ, ਔਸਤਨ ਇਹ 4.75 ਫੀ ਸਦੀ ਰਹੇਗਾ, ਅਗਲੇ ਸਾਲ ਇਸ ਦੇ 3.4 ਫੀ ਸਦੀ ਰਹਿਣ ਦੀ ਸੰਭਾਵਨਾ ਹੈ।

...ਬਾਕੀ ਪੰਨਾ 8 'ਤੇ

## ਲਾਂਗ ਟਰਮ ਕੇਅਰ ਸੈਕਟਰ ਵਿੱਚ ਸੁਧਾਰ ਸਬੰਧੀ ਬਿੱਲ ਪੇਸ਼ ਕਰੇਗੀ ਓਨਟਾਰੀਓ ਸਰਕਾਰ

ਓਨਟਾਰੀਓ, 28 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਦਾ ਕਹਿਣਾ ਹੈ ਕਿ ਪ੍ਰੋਵਿੰਸ ਦੇ ਲਾਂਗ ਟਰਮ ਕੇਅਰ ਸੈਕਟਰ ਵਿੱਚ ਸੁਧਾਰ ਲਈ ਉਨ੍ਹਾਂ ਵੱਲੋਂ ਬਿੱਲ ਪੇਸ਼ ਕੀਤਾ ਜਾਵੇਗਾ।

ਇਸ ਪ੍ਰਸਤਾਵਿਤ ਬਿੱਲ ਦਾ ਪੂਰਾ ਵੇਰਵਾ ਅੱਜ ਦੁਪਹਿਰੇ ਉਲੀਕਿਆ ਜਾਵੇਗਾ। ਲਾਂਗ ਟਰਮ ਕੇਅਰ ਮੰਤਰੀ ਰੌਡ ਫਿਲਿਪ ਨੇ ਆਖਿਆ ਕਿ ਇਸ



ਬਿੱਲ ਦਾ ਮੁੱਖ ਮਕਸਦ ਇਸ ਸੈਕਟਰ ਦੇ ਰੈਜ਼ੀਡੈਂਟਸ ਦੀ ਹਿਫਾਜ਼ਤ ਕਰਨਾ ਹੋਵੇਗਾ।

...ਬਾਕੀ ਪੰਨਾ 15 'ਤੇ


Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance, Critical illness Ins, Travel & Visitor Ins, RESP & TFSA & RRSP, Super Visa Insurance, Mortgage Insurance, Disability Insurance, Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONEX
7050A Bramalea Rd, Unit # 13, Mississauga, ON L5S 1T1

Locations: Woodbridge, Mississauga, Scarborough
YES! Immigration — Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
iccrc Raj Narang, Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020
ਇੰਮੀਗਰੇਸ਼ਨ ਸੇਵਾਵਾਂ 10-20% Discount

SUPER VISA INSURANCE EXPERTS
Punjab Insurance Inc.
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance, Mortgage Insurance, Life Insurance, Visitor Insurance, Travel Insurance, RESP(Education Plan), Critical Illness Insurance

INSURANCE MART INSURANCE COMPANY
Life Insurance, Critical Illness, Disability, Super Visa, Home and Auto Insurance
Gurdip Gill (647)767-6665
gurdipgill1@hotmail.ca

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Raj & Gulshan Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
Supervisa / Visitor Insurance, Life / Mortgage/Funeral Insurance, Disability Insurance, Critical Illness Insurance, RESP / RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ? Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrytree Drive, Unit # 6 Brampton, ON, L6P 3W4
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਲਫ਼ੀਆ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley 905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

Royal Pest Control
Residential, Commercial, Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

YES! Immigration
Yes we can...

Open from Monday to Saturday
Our Service is available in Multiple Languages
We offer you a flexible payment plan

iccrc IMMIGRATION CONSULTANTS OF CANADA REGULATORY COUNCIL
Raj Narang (Member ID: R416279)
Ritu Narang (Member ID: R516420)
Commissioner of Oaths

Don't wait till tomorrow,
Contact us today for:

- Express Entry
- Provincial Nomination- PNP
- Permit Extensions/Reconsiderations
- College Admissions/Deferrals
- Family Sponsership (Spouse/Parents)
- Affidavits/Statutory Declarations
- Citizenship/Test Preparation
- Student Visas/Extensions
- CIC Appeals/ATIP
- Spouse Dependent/Work-Permits
- Visitor / Super Visas/ TRV
- Legal Name Change
- PR Card/Renewals/ H&C
- Business Immigration



Wishes you a Happy & Prosperous Diwali

Call us today to book an appointment with one of our ICCRC Regulated Canadian Immigration Consultants

7575 Highway 27, Unit 32, Woodbridge, Ontario, L4L 4M5
Tel: 416-740-6969, Ext.0

3-1332 Khalsa Dr., Mississauga, Ontario, L5S 0A2
Tel: 416-740-6969, Ext. 6

211-80 Corporate Dr., Scarborough, Ontario, M1H 3G5
Tel: 416-740-6969, Ext. 8

SCF5 1st Floor, near APJ College, BMC Chowk, New Jawahar Nagar, Jalandhar, Punjab - 144001
Tel: +91-72933-50000

WhatsApp: +1647-616-1020 | Call: +1416-740-6969

E-mail: enquiry@yesimmigration.ca | Website: www.yesimmigration.ca



ਤੁਹਾਨੂੰ ਦੀਵਾਲੀ ਅਤੇ ਬੰਦੀ
ਛੋੜ ਦਿਵਸ ਦੀ ਬਹੁਤ-ਬਹੁਤ ਵਧਾਈ ਹੋਵੇ


ਆਪਣੇ ਪਿਆਰਿਆਂ ਦੇ ਨਾਲ ਸੁਰੱਖਿਅਤ ਰੂਪ ਨਾਲ ਤਿਓਹਾਰ ਮਨਾਓ ਅਤੇ ਪਬਲਿਕ
ਹੈਲਥ ਦੇ ਉਪਾਵਾਂ ਦੀ ਪਾਲਣਾ ਕਰਨਾ ਯਾਦ ਰੱਖੋ।

Region of Peel
working with you


Hon.
MARY NG, MP
MARKHAM – THORNHILL
905-479-8100
Mary.Ng@parl.gc.ca
16 Esna Park Drive, Unit 107
Markham, ON L3R 5X1
Happy Diwali
ਦੀਵਾਲੀ ਦੀਆਂ
ਲੱਖ ਲੱਖ ਵਧਾਈਆਂ


Happy
Deepavali AND
HAPPY BANDI CHHOR DIVAS
TO ALL COMMUNITY!
MPP Amarjot Sandhu
BRAMPTON WEST
10 Gillingham Drive, Suite-309
Brampton, ON, L6X 0G6
Telephone: 905-595-1532
Fax: 905-451-8496


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

## ਅੱਜ ਨਾਮਾ

ਭਾਜਪਾ ਲੀਡਰਾਂ ਨੇ ਸੁਫਨਾ ਲਿਆ ਵੱਡਾ,
ਰੁਖ ਪੰਜਾਬ ਦਾ ਬਦਲਿਆ ਜਾਊਗਾ ਜੀ।
ਚਲਾਇਆ ਜਾਊਗਾ ਚੋਣ ਪ੍ਰਚਾਰ ਡਾਢਾ,
ਰੰਗ ਅਮਲ ਵਿੱਚ ਉਹੋ ਦਿਖਾਊਗਾ ਜੀ।
ਗਲੀ-ਗਲੀ ਵਿੱਚ ਦਿੱਸੂਗਾ ਰੰਗ ਭਗਵਾ,
ਥਾਂ-ਥਾਂ ਕਾਫਲਾ ਹੀ ਨਜ਼ਰ ਆਊਗਾ ਜੀ।
ਮੋਦੀ-ਸ਼ਾਹ ਦੀ ਜੋੜੀ ਜਦ ਲਾਊ ਚੱਕਰ,
ਜੋ ਵੀ ਆਵੇਗਾ, ਅਸਰਤਾਂ ਪਾਊਗਾ ਜੀ।
ਹੇਠਾਂ ਹਾਲਤ ਪੰਜਾਬ ਵਿੱਚ ਜਾਏ ਵੇਖੀ,
ਸੱਜਦੀ ਜਾਪਦੀ ਚੋਣ ਦੁਕਾਨ ਹੈ ਨਹੀਂ।
ਆੜ੍ਹਤੀ ਰੁੱਸੇ ਆ, ਰੁੱਸੇ ਕਿਸਾਨ ਨਾਲੇ,
ਮੋੜਾ ਪੈਣ ਦਾ ਕੋਈ ਨਿਸ਼ਾਨ ਹੈ ਨਹੀਂ।

**ਤੀਸ ਮਾਰ ਖਾਂ**

# ਟਰੂਡੋ ਨੇ ਮੰਤਰੀ ਮੰਡਲ ਵਿਚ ਕੀਤਾ ਵੱਡਾ ਫੇਰਬਦਲ



ਅਨੀਤਾ ਆਨੰਦ, ਹਰਜੀਤ ਸੱਜਣ ਦੀ ਥਾਂ ਰੱਖਿਆ ਮੰਤਰੀ ਦਾ ਅਹੁਦਾ ਸੰਭਾਲਣਗੇ

ਓਟਵਾ, 28 ਅਕਤੂਬਰ (ਪੋਸਟ ਬਿਊਰੋ) : ਬੀਤੇ ਦਿਨੀਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਆਪਣੇ ਮੰਤਰੀ ਮੰਡਲ ਵਿੱਚ ਵੱਡੀ ਪੱਧਰ ਉੱਤੇ ਫੇਰਬਦਲ ਕੀਤਾ ਗਿਆ। ਉਨ੍ਹਾਂ ਵੱਲੋਂ ਰੱਖਿਆ ਮੰਤਰੀ, ਸਿਹਤ ਮੰਤਰੀ, ਵਿਦੇਸ਼ ਮੰਤਰੀ ਤੇ ਵਾਤਾਵਰਣ ਮੰਤਰੀ ਤੱਕ ਨੂੰ ਬਦਲ ਦਿੱਤਾ ਗਿਆ ਹੈ। ਤੀਜੀ ਵਾਰੀ ਭਾਵੇਂ ਸਰਕਾਰ ਬਣਾਉਣ ਦਾ ਮੌਕਾ ਟਰੂਡੋ ਨੂੰ ਮਿਲਿਆ ਹੈ ਪਰ ਉਹ ਬਹੁਗਿਣਤੀ ਸਰਕਾਰ ਬਣਾਉਣ ਵਿੱਚ ਇੱਕ ਵਾਰੀ ਫਿਰ ਉੱਕ ਗਏ।

ਟਰੂਡੋ ਨੇ ਆਪਣੇ 39 ਮੈਂਬਰੀ ਕੈਬਨਿਟ ਦਾ ਖੁਲਾਸਾ ਮੰਗਲਵਾਰ ਨੂੰ ਓਟਵਾ ਵਿੱਚ ਰਿਡਿਊ ਹਾਲ ਵਿੱਚ ਸਹੁੰ ਚੁੱਕ ਸਮਾਰੋਹ ਦੌਰਾਨ ਕੀਤਾ। ਪ੍ਰਧਾਨ ਮੰਤਰੀ ਦੇ ਅਹਿਮ ਮੰਤਰੀਆਂ ਵਿੱਚ ਲਿੰਗਕ ਸਮਾਨਤਾ ਇਸ ਵਾਰੀ ਵੀ ਨਜ਼ਰ ਆ ਰਹੀ ਹੈ ਤੇ ਇਸ ਵਾਰੀ ਜ਼ਿਆਦਾ ਜ਼ੋਰ ਰੀਜਨਲ ਵਿਕਾਸ ਏਜੰਸੀਆਂ ਉੱਤੇ ਦਿੱਤਾ ਗਿਆ ਹੈ। ਇਸ ਵਾਰੀ ਕਈ ਕੈਬਨਿਟ ਭੂਮਿਕਾਵਾਂ ਹਨ ਜਦਕਿ ਕਈ ਹੋਰਨਾਂ ਅਹੁਦਿਆਂ ਨੂੰ ਨਵੇਂ ਤੇ ਵੱਖਰੇ ਤੌਰ ਉੱਤੇ ਸ਼ਾਮਲ ਕਰਕੇ ਕਾਇਮ ਕੀਤਾ ਗਿਆ ਹੈ। ਸਿਰਫ ਸੱਤ ਮੰਤਰੀਆਂ ਕੋਲ ਹੀ ਪਹਿਲਾਂ ਵਾਲੀਆਂ ਭੂਮਿਕਾਵਾਂ ਰਹਿ ਗਈਆਂ ਹਨ।

ਦੇਸ਼ ਦੀ ਕੋਵਿਡ-19 ਵੈਕਸੀਨ ਵੰਡ ਦੀਆਂ ਕੋਸ਼ਿਸ਼ਾਂ ਦੀ ਅਗਵਾਈ ਕਰਨ ਵਾਲੀ ਅਨੀਤਾ ਆਨੰਦ, ਹਰਜੀਤ ਸੱਜਣ ਦੀ ਥਾਂ ਰੱਖਿਆ ਮੰਤਰੀ ਦਾ ਅਹੁਦਾ ਸਾਂਭੇਗੀ। ਸੱਜਣ ਨੂੰ ਇੰਟਰਨੈਸ਼ਨਲ ਡਿਵੈਲਪਮੈਂਟ ਮੰਤਰੀ ਬਣਾ ਦਿੱਤਾ ਗਿਆ ਹੈ। ਕੈਨੇਡਾ ਦੀ ਨਵੀਂ ਪ੍ਰੋਕਿਓਰਮੈਂਟ ਮੰਤਰੀ, ਫਿਲੋਮੇਨਾ ਤਾਸੀ ਹੋਵੇਗੀ, ਜਿਨ੍ਹਾਂ ਨੂੰ ਅਹੁਦਾ ਸਾਂਭਦੇ ਸਾਰ ਹੀ ਕੋਵਿਡ-19 ਬੂਸਟਰ ਸ਼ੌਟਸ ਲਈ ਫਾਰਮਾਸਿਊਟੀਕਲ ਕੰਪਨੀਆਂ ਨਾਲ ਕਾਂਟਰੈਕਟ ਯਕੀਨੀ ਬਣਾਈ ਰੱਖਣੇ ਹੋਣਗੇ।

ਪੈਟੀ ਹਾਜ਼ਦੂ ਨੂੰ ਸਿਹਤ ਮਹਿਕਮੇ ਦੀ ਥਾਂ ਉੱਤੇ ਇੰਡੀਜੀਨਸ ਸਰਵਿਸਿਜ਼ ਮੰਤਰੀ ਬਣਾਇਆ ਗਿਆ ਹੈ। ਕੈਰੋਲਿਨ ਬੈਨੇਟ ਨੂੰ ਕ੍ਰਾਊਨ ਇੰਡੀਜੀਨਸ ਰਿਲੇਸ਼ਨਜ਼ ਤੋਂ ਬਦਲ ਦਿੱਤਾ ਗਿਆ ਹੈ ਤੇ ਇਹ ਮੰਤਰਾਲਾ ਮਾਰਕ ਮਿਲਰ ਨੂੰ ਦਿੱਤਾ ਗਿਆ ਹੈ। ਜੀਨ ਯਵੇਸ ਡਕਲਸ ਨੂੰ ਨਵਾਂ ਸਿਹਤ ਮੰਤਰੀ ਬਣਾਇਆ ਗਿਆ ਹੈ, ਬੈਨੇਟ ਉਨ੍ਹਾਂ ਦੇ ਨਾਲ ਐਸੋਸਿਏਟ ਮਨਿਸਟਰ ਆਫ ਹੈਲਥ ਦੇ ਨਾਲ ਨਾਲ ਮੈਂਟਲ ਹੈਲਥ ਐਂਡ ਅਡਿਕਸ਼ਨਜ਼ ਮਨਿਸਟਰ ਦਾ ਅਹੁਦਾ ਵੀ ਸਾਂਭੇਗੀ। ਅਹਿਮਦ ਹੁਸੈਨ ਨੂੰ ਹਾਊਸਿੰਗ, ਡਾਇਵਰਸਿਟੀ ਐਂਡ ਇਨਕਲਜ਼ਨ ਮੰਤਰੀ ਬਣਾਇਆ ਗਿਆ ਹੈ। ਪਬਲਿਕ ਸੇਫਟੀ ਮੰਤਰਾਲਾ ਵੀ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ, ਬਿੱਲ ਬਲੇਅਰ ਐਮਰਜੰਸੀ ਪ੍ਰਿਪੇਅਰਡਨੈੱਸ ਵਾਲਾ ਪਾਸਾ ਵੇਖਣਗੇ ਜਦਕਿ ਮਾਰਕੋ ਮੈਂਡੀਸਿਨੋ ਪਬਲਿਕ ਸੇਫਟੀ ਸਾਂਭਣਗੇ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਮੰਤਰੀ ਦਾ ਅਹੁਦਾ ਮੈਂਡੀਸਿਨੋ ਦੀ ਥਾਂ ਐਟਲਾਂਟਿਕ ਕੈਨੇਡਾ ਤੋਂ ਆਏ ਨਵੇਂ ਕੈਬਨਿਟ ਮੰਤਰੀ ਸ਼ੌਨ ਫਰੇਜ਼ਰ ਹੋਣਗੇ। ਸਰਕਾਰ ਦੇ ਚੀਫ ਵ੍ਹਿਪ ਮਾਰਕ ਹਾਲੈਂਡ ਹੁਣ ਸਰਕਾਰ ਦੇ ਹਾਊਸ ਲੀਡਰ ਹੋਣਗੇ। ਬਰਦੀਸ਼ ਚੱਗੜ ਤੇ ਸੀਨੀਅਰ ਲਿਬਰਲ ਆਗੂ ਮਾਰਕ ਗਾਰਨਿਊ ਨੂੰ ਕੈਬਨਿਟ ਤੋਂ ਬਾਹਰ ਕਰ ਦਿੱਤਾ ਗਿਆ ਹੈ ਤੇ ਹੁਣ ਵਿਦੇਸ਼ ਮੰਤਰਾਲਾ ਮਿਲੇਨੀ ਜੋਲੀ ਦੇਖਣਗੇ।

ਜੌਨਾਥਨ ਵਿਲਕਿੰਸਨ ਐਨਵਾਇਰਮੈਂਟ ਦੀ ਥਾਂ ਨੈਚੂਰਲ ਰਿਸੋਰਸਿਜ਼ ਮੰਤਰਾਲਾ ਸਾਂਭਣਗੇ ਤੇ ਲੰਮੇਂ ਸਮੇਂ ਤੋਂ ਐਨਵਾਇਰਮੈਂਟਲ ਕਾਰਕੁੰਨ ਸਟੀਵਨ ਗਿਲਬਟ ਕੈਨੇਡਾ ਦੇ ਨਵੇਂ ਐਨਵਾਇਰਮੈਂਟ ਮੰਤਰੀ ਹੋਣਗੇ। ਇਨ੍ਹਾਂ ਤੋਂ ਇਲਾਵਾ ਹੇਠਾਂ ਕੈਬਨਿਟ ਮੰਤਰੀਆਂ ਦੀ ਪੂਰੀ ਸੂਚੀ ਦਿੱਤੀ ਜਾ ਰਹੀ ਹੈ :

- Deputy Prime Minister and Minister of Finance Chrystia Freeland
- Minister of Transport Omar Alghabra
- Minister of National Defence Anita Anand
- Minister of Mental Health and Addictions and Associate Minister of Health Carolyn Bennett
- Minister of Agriculture and Agri-Food Marie-Claude Bibeau
- President of Queen's Privy Council for Canada and Minister of Emergency Preparedness Bill Blair
- Minister of Tourism and Associate Minister of Finance Randy Boissonnault
- Minister of Innovation, Science and Industry Francois-Phillipe Champagne

## ਰੱਖਿਆ, ਸਿਹਤ, ਵਿਦੇਸ਼ ਮੰਤਰੀ ਬਦਲੇ

- Minister of Health Jean-Yves Duclos
- President, Treasury Board Mona Fortier
- Minister of Immigration, Refugees and Citizenship Sean Fraser
- Minister of Families, Children and Social Development Karina Gould
- Minister of Environment and Climate Change Steven Guilbeault
- Minister of Indigenous Services and Minister responsible for the Federal Economic Development Agency for Northern Ontario Patty Hajdu
- Leader of the Government in the House of Commons Mark Holland
- Minister of Housing and Diversity and Inclusion Ahmed Hussen
- Minister of Rural Economic Development Gudie Hutchings
- Minister of Women, Gender Equality and Youth Marci Ien
- Minister responsible for the Federal Economic Development Agency for Southern Ontario Helena Jaczek
- Minister of Foreign Affairs Mélanie Joly
- Minister of Seniors Kamal Khera
- Minister of Justice and Attorney General of Canada David Lametti
- Minister of intergovernmental Affairs, Infrastructure and Communities Dominic Leblanc
- Minister of National Revenue Diane Lebouthillier
- Minister of Veterans Affairs and Associate Minister of National Defence Lawrence MacAulay
- Minister of Public Safety Marco Mendicino
- Minister of Crown-Indigenous Relations Marc Miller
- Minister of Fisheries, Oceans and the Canadian Coast Guard Joyce Murray
- Minister of International Trade, Export Promotion, Small Business and Economic Development Mary Ng
- Minister of Labour Seamus O'Regan Jr.
- Minister of Official Languages and Minister responsible for the Atlantic Canada Opportunities Agency Ginette Petitpas



Taylor
- Minister of Employment, Workforce Development and Disability Inclusion Carla Qualtrough
- Minister of Canadian Heritage and Quebec Lieutenant Pablo Rodriguez
- Minister of International Development and Minister responsible for the Pacific Economic Development Agency of Canada Harjit Sajjan
- Minister of Sport and Minister responsible for the Economic Development Agency of Canada for the Regions of Quebec Pascale St-Onge
- Minister of Public Services and Procurement Filomena Tassi
- Minister of Northern Affairs, Minister responsible for the Canadian Northern Economic Development Agency Dan Vandal
- Minister of Natural Resources Jonathan Wilkinson

## ਬੰਦੀ ਛੋੜ ਦਿਵਸ ਦਾ ਪਵਿੱਤਰ ਦਿਹਾੜਾ 4 ਨਵੰਬਰ ਨੂੰ ਗੁਰਦੁਆਰਾ ਸ੍ਰੀ ਜੋਤਿ ਪ੍ਰਕਾਸ਼ ਸਾਹਿਬ ਮਨਾਇਆ ਜਾਵੇਗਾ

ਛੇਵੇਂ ਪਾਤਿਸ਼ਾਹ, ਮੀਰੀ ਤੇ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ ਮਹਾਰਾਜਾ ਕੋਲ ਗਵਾਲੀਅਰ ਦੇ ਕਿਲੇ ਵਿਚੋਂ, ਕੈਦ ਕੀਤੇ 52 ਹਿੰਦੂ ਰਾਜਿਆਂ ਨੂੰ ਰਿਹਾਅ ਕਰਵਾ ਕੇ, ਬੰਦੀ ਛੋੜ ਦਾਤੇ ਅਖਵਾਏ। ਉਸ ਦਿਹਾੜੇ ਨੂੰ ਯਾਦ ਕਰਦਿਆਂ, ਬੰਦੀ ਛੋੜ ਦਿਵਸ (ਦੀਵਾਲੀ) ਦਾ ਪਵਿੱਤਰ ਦਿਹਾੜਾ, ਗੁਰਦੁਆਰਾ ਸ੍ਰੀ ਜੋਤਿ ਪ੍ਰਕਾਸ਼ ਸਾਹਿਬ (ਬਰੈਂਪਟਨ) ਵਿਖੇ ਸੰਗਤਾਂ ਦੇ ਸਹਿਯੋਗ ਨਾਲ ਬੜੇ ਹੀ ਉਤਸ਼ਾਹ, ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਜਿਸ ਵਿਚ ਸਾਰਾ ਦਿਨ ਕੀਰਤਨੀਏ ਅਤੇ ਢਾਡੀ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰ ਇਤਿਹਾਸ ਨਾਲ ਨਿਹਾਲ ਕਰਨਗੇ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਪਵਿੱਤਰ ਦਿਹਾੜੇ ਉਤੇ ਵੱਧ ਤੋਂ ਵੱਧ ਹਾਜਰੀਆਂ ਭਰ ਕੇ, ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਇਹ ਪਵਿੱਤਰ ਦਿਹਾੜਾ 4 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ।

## ਸ਼ਹੀਦਾਂ ਦੀ ਯਾਦ ਵਿਚ ਸਮਾਗਮ 31 ਅਕਤੂਬਰ ਨੂੰ

31 ਅਕਤੂਬਰ ਦਿਨ ਐਤਵਾਰ ਨੂੰ ਮਹਾਨ ਸ਼ਹੀਦ ਭਾਈ ਬੇਅੰਤ ਸਿੰਘ ਜੀ, ਭਾਈ ਸਤਵੰਤ ਸਿੰਘ ਜੀ, ਭਾਈ ਕੇਹਰ ਸਿੰਘ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਜੋਤਿ ਪ੍ਰਕਾਸ਼ ਸਾਹਿਬ ਬਰੈਂਪਟਨ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਜਿਸ ਵਿਚ ਵਿਸ਼ੇਸ਼ ਤੌਰ ਉਤੇ ਢਾਡੀ ਦਰਬਾਰ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਹੇਠ ਲਿਖੇ ਜਥੇ ਹਾਜਰੀ ਭਰਨਗੇ।

7pm ਤੋਂ 7:45pm – ਗਿਆਨੀ ਸੁਰਜੀਤ ਸਿੰਘ ਜੀ, ਮੀਨੀਆ ਦਾ ਢਾਡੀ ਜੱਥਾ

7:45pm ਤੋਂ 8:30pm – ਬੀਬੀ ਅਮਨਦੀਪ ਕੌਰ ਜੀ, ਵਿਜ਼ੂਹੇ ਵਾਲਿਆਂ ਦਾ ਢਾਡੀ ਜੱਥਾ

8:30pm ਤੋਂ 9:15pm – ਗਿਆਨੀ ਮੰਗਲ ਸਿੰਘ ਜੀ ਮਹਿਰਮ ਦਾ ਢਾਡੀ ਜੱਥਾ

ਇਹ ਜੱਥੇ ਸੰਗਤਾਂ ਨੂੰ ਸ਼ਹੀਦਾਂ ਦਾ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਹਾਜਰੀਆਂ ਭਰ ਕੇ ਗੁਰੂਘਰ ਦੀਆਂ ਖੁਸ਼ੀਆਂ ਹਾਸਿਲ ਕਰੋ ਜੀ।

# ਮਿਲਟਰੀ ਦੇ ਅੰਦਰੂਨੀ ਸੰਕਟ ਨੂੰ ਹੱਲ ਕਰਕੇ ਹੀ ਸਾਹ ਲਵਾਂਗੀ : ਆਨੰਦ

ਓਟਵਾ, 28 ਅਕਤੂਬਰ (ਪੋਸਟ ਬਿਊਰੋ) : ਕੌਮੀ ਰੱਖਿਆ ਮੰਤਰੀ ਅਨੀਤਾ ਆਨੰਦ ਦਾ ਕਹਿਣਾ ਹੈ ਕਿ ਕੈਨੇਡੀਅਨ ਆਰਮਡ ਫੋਰਸਿਜ਼ ਵਿੱਚ ਜਿਨਸੀ ਸ਼ੋਸ਼ਣ ਖਿਲਾਫ ਛਿੜੀ ਜੰਗ ਵਿੱਚ ਉਹ ਇਹ ਯਕੀਨੀ ਬਣਾਉਣਗੇ ਕਿ ਸੱਭ ਲੋੜਵੰਦਾਂ ਨੂੰ ਇਨਸਾਫ ਮਿਲੇ।



ਇਹ ਅਹੁਦਾ ਸਾਂਭਦੇ ਸਾਰ ਹੀ ਆਨੰਦ ਨੇ ਆਖਿਆ ਕਿ ਉਹ ਮਿਲਟਰੀ ਵਿਚਲੇ ਕਲਚਰ ਨੂੰ ਬਦਲਣਗੇ ਤਾਂ ਕਿ ਯੂਨੀਫੌਰਮ ਵਿਚਲੇ ਲੋਕ ਸੁਰੱਖਿਅਤ ਰਹਿ ਸਕਣ। ਉਨ੍ਹਾਂ ਆਖਿਆ ਕਿ ਉਹ ਮਿਲਟਰੀ ਵਿੱਚ ਕੈਨੇਡੀਅਨਜ਼ ਦੇ ਵਿਸ਼ਵਾਸ ਨੂੰ ਵੀ ਬਹਾਲ ਕਰਨਾ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਉਹ ਇਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਪੂਰੀ ਤਰ੍ਹਾਂ ਸਮਰਪਿਤ ਹਨ।

ਅਨੀਤਾ ਆਨੰਦ ਨੇ ਸਾਬਕਾ ਰੱਖਿਆ ਮੰਤਰੀ ਹਰਜੀਤ ਸੱਜਣ ਦੀ ਥਾਂ ਲਈ ਹੈ। ਫੌਜ ਦੇ ਉੱਚ ਰੈਂਕ ਵਾਲੇ ਅਧਿਕਾਰੀਆਂ ਖਿਲਾਫ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੇ ਸਬੰਧ ਵਿੱਚ ਕੋਈ ਠੋਸ ਕਾਰਵਾਈ ਨਾ ਕਰ ਸਕਣ ਲਈ ਸੱਜਣ ਨੂੰ ਚੁਫੇਰਿਓਂ ਨੁਕਤਾਚੀਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

## ਸਟਾਫ ਦੀ ਘਾਟ ਦਰਮਿਆਨ ਸਟਾਰ ਬੱਕਸ ਕੈਨੇਡਾ ਆਪਣੇ ਮੁਲਾਜ਼ਮਾਂ ਦੇ ਭੱਤਿਆਂ ਵਿੱਚ ਕਰੇਗਾ ਵਾਧਾ

ਟੋਰਾਂਟੋ, 28 ਅਕਤੂਬਰ (ਪੋਸਟ ਬਿਊਰੋ) : ਸਟਾਫ ਦੀ ਘਾਟ ਦੇ ਚੱਲਦਿਆਂ ਸਟਾਰਬੱਕਸ ਕੈਨੇਡਾ ਵੱਲੋਂ ਆਪਣੇ ਮੁਲਾਜ਼ਮਾਂ ਦੇ ਵੇਜਿਜ਼ ਤੇ ਬੈਨੇਫਿਟਜ਼ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਆਪਣੇ ਵਰਕਰਜ਼ ਦੀ ਭਲਾਈ ਲਈ ਵਚਨਬੱਧਤਾ ਨੂੰ ਮੁੜ ਨਿਵਾਇਆਂ ਜਾ ਰਿਹਾ ਹੈ।

ਕੰਪਨੀ ਨੇ ਆਖਿਆ ਕਿ ਜਨਵਰੀ ਵਿੱਚ ਸ਼ੁਰੂ ਕਰਕੇ ਉਹ ਪ੍ਰੋਵਿੰਸ ਵਿੱਚ ਲਾਗੂ ਘੱਟ ਤੋਂ ਘੱਟ ਵੇਜਿਜ਼ ਤੋਂ ਇੱਕ ਡਾਲਰ ਵੱਧ ਦੇਵੇਗੀ, ਜਦਕਿ ਕੰਪਨੀ ਨਾਲ ਇੱਕ ਸਾਲ ਤੋਂ ਕੰਮ ਕਰ ਰਹੇ ਮੁਲਾਜ਼ਮਾਂ ਦੀ ਤਨਖਾਹ ਵਿੱਚ ਛੇ ਤੋਂ 10 ਫੀ ਸਦੀ ਵਾਧਾ ਹੋਵੇਗਾ। ਕੰਪਨੀ ਨੇ ਆਖਿਆ ਕਿ ਭੱਤਿਆਂ ਵਿੱਚ ਕੀਤਾ ਜਾਣ ਵਾਲਾ ਇਹ ਵਾਧਾ 20,000 ਵਰਕਰਜ਼ ਉੱਤੇ ਲਾਗੂ ਹੋਵੇਗਾ। ਇਸ ਨਾਲ ਬਰਿਸਤਾਜ਼ ਦੀ ਪ੍ਰਤੀ ਘੰਟਾ ਤਨਖਾਹ 13 ਡਾਲਰ ਤੋਂ 20.45 ਡਾਲਰ ਦਰਮਿਆਨ ਵੱਧ ਜਾਵੇਗੀ, ਪਰ ਇਹ ਲੋਕੇਸ਼ਨ ਤੇ ਕਾਰਜਕਾਲ ਉੱਤੇ ਨਿਰਭਰ ਕਰੇਗਾ, ਜਦਕਿ ਸ਼ਿਫਟ ਸੁਪਰਵਾਈਜ਼ਰਜ਼ 15.85 ਡਾਲਰ ਤੋਂ 24.95 ਡਾਲਰ ਪ੍ਰਤੀ ਘੰਟਾ ਕਮਾ ਸਕੇਗਾ। ਸਟਾਰਬੱਕਸ ਦਾ ਇਹ ਵੀ ਕਹਿਣਾ ਹੈ ਕਿ ਉਹ ਆਪਣੇ ਵਰਕਰਜ਼ ਨੂੰ ਸਿੱਕ ਡੇਅਜ਼ ਜਾਂ ਫੈਮਿਲੀ ਕੇਅਰ ਲਈ ਹਰ ਕੈਲੰਡਰ ਵਰ੍ਹੇ ਤਿੰਨ ਪੇਡ ਸ਼ਿਫਟਸ ਆਫ, ਪਲੱਸ ਕਈ ਪਰਕਸ ਜਿਵੇਂ ਕਿ ਮੁਫਤ ਕੌਫੀ, ਮੈਡੀਟੇਸ਼ਨ ਐਪ ਤੇ ਹੈਲਥ ਤੇ ਡੈਂਟਲ ਕੇਅਰ ਲਈ ਸਬਸਕ੍ਰਿਪਸ਼ਨ ਦੇਣਗੇ। ਕੌਫੀ ਕੰਪਨੀ ਨੇ ਆਖਿਆ ਕਿ ਇਨ੍ਹਾਂ ਭੱਤਿਆਂ ਤੇ ਬੈਨੇਫਿਟਸ ਵਿੱਚ ਵਾਧਾ ਕੁੱਝ ਮਾਰਕਿਟਸ ਵਿੱਚ ਸਟਾਫ ਦੀ ਆ ਰਹੀ ਭਾਰੀ ਕਮੀ ਨੂੰ ਵੇਖਦਿਆਂ ਹੋਇਆਂ ਕੀਤਾ ਜਾ ਰਿਹਾ ਹੈ। ਆਪਣੇ ਵਰਕਰਜ਼ ਨੂੰ ਪਾਰਟਨਰਜ਼ ਦੱਸਣ ਵਾਲੇ ਸਟਾਰਬੱਕਸ ਦਾ ਇਹ ਵੀ ਆਖਣਾ ਹੈ ਕਿ ਉਹ ਵਾਧੂ ਟਰੇਨਿੰਗ ਤੇ ਨਵੀਆਂ ਤਕਨੀਕਾਂ ਦੇ ਨਾਲ ਨਾਲ ਆਪਣੀਆਂ ਕੌਫੀ ਸ਼ਾਪਜ਼ ਵਿੱਚ ਰੋਜ਼ਮਰਾ ਦੇ ਟਾਸਕਸ ਵਿੱਚ ਸੁਧਾਰ ਵੀ ਕਰੇਗੀ।

# ਜੀਟੀਏ ਪੁਲਿਸ ਨੇ ਲੋਕਾਂ ਨੂੰ ਟੈਕਸੀ ਸਕੈਮ ਤੋਂ ਚੌਕਸ ਰਹਿਣ ਦੀ ਦਿੱਤੀ ਚੇਤਾਵਨੀ

...ਪੰਨਾ 1 ਦਾ ਬਾਕੀ

- ਜਦੋਂ ਇਨ੍ਹਾਂ ਜਾਅਲਸਾਜ਼ਾਂ ਦਾ ਸ਼ਿਕਾਰ ਹੋਣ ਜਾ ਰਿਹਾ ਵਿਅਕਤੀ ਟੈਕਸੀ ਡਰਾਈਵਰ ਵੱਲੋਂ ਫੜਾਈ ਡੈਬਿਟ ਮਸ਼ੀਨ ਉੱਤੇ ਆਪਣੇ ਡੈਬਿਟ ਕਾਰਡ ਦੀ ਵਰਤੋਂ ਕਰਕੇ ਅਦਾਇਗੀ ਕਰਦਾ ਹੈ ਤਾਂ ਸਕੈਮਰਜ਼ ਕੋਲ ਸਬੰਧਤ ਵਿਅਕਤੀ ਦਾ ਪਿਨ ਆ ਜਾਂਦਾ ਹੈ।
- ਫਿਰ ਕਸਟਮਰ ਦੀ ਭੂਮਿਕਾ ਨਿਭਾਅ ਰਿਹਾ ਵਿਅਕਤੀ ਆਪਣੇ ਸ਼ਿਕਾਰ ਨੂੰ ਗੱਲਾਂ ਵਿੱਚ ਲਾ ਕੇ ਉਸ ਦਾ ਧਿਆਨ ਭਟਕਾਉਂਦਾ ਹੈ ਤੇ ਇਸ ਦੌਰਾਨ ਡਰਾਈਵਰ ਦੀ ਭੂਮਿਕਾ ਨਿਭਾਉਣ ਵਾਲਾ ਵਿਅਕਤੀ ਡੈਬਿਟ ਕਾਰਡ ਬਦਲ ਦਿੰਦਾ ਹੈ। ਉਹ ਆਪਣੇ ਸ਼ਿਕਾਰ ਵਿਅਕਤੀ ਦਾ ਕਾਰਡ ਰੱਖ ਲੈਂਦਾ ਹੈ ਤੇ ਉਸ ਨੂੰ ਵੱਖਰਾ ਕਾਰਡ ਦੇ ਦਿੰਦਾ ਹੈ।
- ਫਿਰ ਉਸ ਚੋਰੀ ਦੇ ਡੈਬਿਟ ਕਾਰਡ ਦੀ ਵਰਤੋਂ ਪੈਸੇ ਕਢਵਾਉਣ ਲਈ ਜਾਂ ਖਰੀਦਦਾਰੀ ਕਰਨ ਲਈ ਕੀਤੀ ਜਾਂਦੀ ਹੈ।

ਹਾਲਟਨ ਪੁਲਿਸ ਤੋਂ ਇਲਾਵਾ ਪਿਛਲੇ ਸਾਲ ਦਸੰਬਰ ਵਿੱਚ ਇਸ ਤਰ੍ਹਾਂ ਦੇ ਸਕੈਮ ਬਾਰੇ ਦਰਹਾਮ ਪੁਲਿਸ ਵੱਲੋਂ ਵੀ ਚੇਤਾਵਨੀ ਜਾਰੀ ਕੀਤੀ ਗਈ ਸੀ। ਇਸੇ ਤਰ੍ਹਾਂ ਦੀ ਚੇਤਾਵਨੀ ਟੋਰਾਂਟੋ ਤੇ ਪੀਲ ਪੁਲਿਸ ਵੱਲੋਂ 2021 ਦੇ ਸ਼ੁਰੂ ਵਿੱਚ ਵੀ ਦਿੱਤੀ ਗਈ ਸੀ।

ਪੁਲਿਸ ਨੇ ਇਹ ਵੀ ਦੱਸਿਆ ਕਿ ਇਸ ਸਬੰਧ ਵਿੱਚ ਕੁੱਝ ਮਸ਼ਕੂਕਾਂ ਨੂੰ ਪਹਿਲਾਂ ਗ੍ਰਿਫਤਾਰ ਵੀ ਕੀਤਾ ਜਾ ਚੁੱਕਿਆ ਹੈ ਪਰ ਹਰ ਵਾਰੀ ਇੱਕੋਂ ਮਸ਼ਕੂਕਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ ਸਗੋਂ ਇਸ ਤਰ੍ਹਾਂ ਦੇ ਕਈ ਜੋੜੇ ਹਨ ਜਿਹੜੇ ਇਹੋ ਜਿਹਾ ਜੁਰਮ ਵਾਰੀ ਵਾਰੀ ਅੰਜਾਮ ਦੇ ਰਹੇ ਹਨ। ਇਨ੍ਹਾਂ ਟੈਕਸੀਆਂ ਦੇ ਡਰਾਈਵਰ ਮਹਾਂਮਾਰੀ ਦਾ ਹਵਾਲਾ ਦੇ ਕੇ ਨਕਦੀ ਨਹੀਂ ਲੈਂਦੇ। ਪਰ ਪੁਲਿਸ ਦਾ ਕਹਿਣਾ ਹੈ ਕਿ ਅਸਲੀ ਟੈਕਸੀ ਡਰਾਈਵਰ ਨਕਦੀ ਲੈ ਰਹੇ ਹਨ। ਪੁਲਿਸ ਦਾ ਇਹ ਵੀ ਕਹਿਣਾ ਹੈ ਕਿ ਜੇ ਕੋਈ ਤੁਹਾਡੇ ਤੋਂ ਜ਼ਿਦ ਕਰਕੇ ਡੈਬਿਟ ਜਾਂ ਕ੍ਰੈਡਿਟ ਕਾਰਡ ਰਾਹੀਂ ਅਦਾਇਗੀ ਕਰਨ ਲਈ ਦਬਾਅ ਪਾਵੇ ਤਾਂ ਚੌਕਸ ਹੋ ਜਾਵੋ। ਜੇ ਇਸ ਤਰ੍ਹਾਂ ਦੀ ਘਟਨਾ ਤੁਹਾਡੇ ਨਾਲ ਵਾਪਰਦੀ ਹੈ ਤਾਂ ਉਸ ਦੀ ਪੁਲਿਸ ਰਿਪੋਰਟ ਜ਼ਰੂਰ ਕਰੋ।

ਬੇਸਮੈਂਟਸ ਕਿਰਾਏ ਲਈ ਖਾਲੀ
ਗੋਰ ਰੋਡ ਅਤੇ ਕੰਟਰੀਸਾਈਡ ਦੇ ਏਰੀਏ ਵਿਚ ਇਕ ਬੇਸਮੈਂਟ ਦੋ ਬੈਡਰੂਮ ਦੀ ਅਤੇ ਇਕ ਬੇਸਮੈਂਟ ਇਕ ਬੈਡਰੂਮ ਦੀ ਕਰਾਏ ਲਈ ਖਾਲੀ ਹੈ। ਸੈਪਰੇਟ ਕਿਚਨ ਸੈਪਰੇਟ ਫੁਲ ਵਾਸਰੂਮ, ਸ਼ਿਅਰਡ ਲਾਂਡਰੀ। ਸਿਰਫ ਫੈਮਲੀ ਵਾਲੇ ਅਤੇ ਨੌਨ ਸਮੋਕਰ ਅਤੇ ਨੋ ਪੈਟਸ ਵਾਲੇ ਹੀ ਕਾਲ ਕਰਨ।
ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-305-9864

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!! ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ੴ ਸਤਿਗੁਰ ਪ੍ਰਸਾਦਿ॥

# ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ।



ਕਰਨੈਲ ਸਿੰਘ

ਰਾਜਾ ਦਸ਼ਰਥ ਅਤੇ ਰਾਣੀ ਕੁੱਸ਼ਲਿਆ ਦੋਵੇਂ ਚੱੜ੍ਹਦੀ ਅਵੱਸਥਾ ਵਿਚ ਅਯੁਧਿਆ ਪੁਰੀ ਵਿਚ ਰਾਜ ਮਹਿਲਾਂ ਵਿਚ ਅਨੰਦ ਪੂਰਵਕ ਵੱਸ ਰਹੇ ਹਨ। ਜਿਸ ਵੇਲੇ ਉਹਨਾਂ ਨੂੰ ਪਤਾ ਚਲਿਆ ਕੇ ਸਾਡੇ ਘਰ ਵਿਚ ਬਾਲਕ ਨੇ ਜਨਮ ਲੈਣਾ ਹੈ। ਉਸ ਵੇਲੇ ਦੋਵੇਂ ਰਾਜਾ ਰਾਣੀਂ ਆਪਸ ਵਿਚ ਸਲਾਹਾਂ ਕਰਦੇ ਹਨ, ਅਗਰ ਸਾਡੇ ਘਰ ਪੁਤ੍ਰ ਹੋਵੇ, ਤਾਂ ਉਸਦਾ ਨਾਮ ਕੀ ਰਖੀਏ, ਰਾਜੇ ਦਸ਼ਰਥ ਨੇ ਰਾਣੀ ਕੁੱਸ਼ਲਿਆ ਨੂੰ ਕਿਹਾ=ਰਾਮਚੰਦ=ਨਾਮ ਰਖਾਂਗੇ।ਜਿਸ ਵੇਲੇ ਰਾਮ ਚੰਦ ਮੂਹੰ ਚੋਂ ਨਿਕਲਿਆ, ਭਾਈ ਗੁਰਦਾਸ ਜੀ ਲਿਖਦੇ ਹਨ। ਤਿਨ ਹੱਤਿਆ ਦਾ ਪਾਪ ਲੱਥ ਗਿਆ।ਤਿਨ ਹਤਿਆ ਕਿਹੜੀਆਂ ਹਨ, ਸਰਵਣ ਨੂੰ ਕਿਸੇ ਪੱਸੂ ਜਾਂ ਰੋਜ਼, ਮ੍ਰਿਗ ਸਮਝਕੇ ਭਲੇਖੇ ਨਾਲ ਤੀਰ ਮਾਰਿਆ, ਸਰਵਣ ਮਰ ਗਿਆ ਸਕਾ ਭਾਣਜਾ=ਹਤਿਆ ਲੱਗ ਗਈ। ਉਸ ਦੇ ਅੰਨ੍ਹੇ ਮਾਤਾ ਪਿਤਾ ਪੁਤ੍ਰ ਦੇ ਵਿਜੋਗ ਵਿਚ ਮਰ ਗਏ। ਦੋ ਹਤਿਆ ਇਹ ਹੋ ਗਈਆਂ।ਤਿਨ ਹੱਤਿਆ ਦਾ ਵੱਡਾ ਘੋਰ ਪਾਪ ਲੱਗਿਆ ਸੀ।ਰਾਮ ਚੰਦ ਤੋਂ ਭਾਵ ਰਾਮ ਕਹਿਨ ਦੇ ਨਾਲ ਤਿਨੇਂ ਹਤਿਆ ਦਾ ਪਾਪ ਖੱਤਮ ਹੋ ਗਿਆ।

ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ॥ ਟੋਡੀ ਨਾਮ ਦੇਵ {ਪੰਨਾ ੭੧੮}

ਅਰਥ: ਭਗਤ ਨਾਮ ਦੇਵ ਜੀ ਕਥਨ ਕਰਦੇ ਹਨ, ਜਿਨ੍ਹਾਂ ਨੇ ਸ਼ਰਧਾ ਸਹਿਤ ਰਾਮ ਦਾ ਨਾਮ ਲਿਆ ਕਿਸ ਦਾ ਕਲੰਕ ਰਿਹਾ ਹੈ। ਭਾਵ ਕਿਸੇ ਦਾ ਕਲੰਕ ਲੱਗਿਆ ਨਹੀਂ ਰਹਿੰਦਾ। ਨੋਟ :- ਨਾਮ ਦੇਵ ਜੀ ਕਬੀਰ ਜੀ ਆਦਿਕ ਭਗਤਾਂ ਨੇ ਰਾਮ ਚੰਦ੍ਰ ਦੀ ਹੀ ਅਰਾਧਨਾ ਕੀਤੀ ਹੈ।

ਤਥਾ:- ਜਪਿ ਮਨ ਰਾਮ ਨਾਮ ਨਿਸਤਾਰਾ॥ ਕੋਟ ਕੋਟੰਤਰ ਕੇ ਪਾਪ ਸਭਿ ਖੋਵੈ ਹਰਿ ਭਵਜਲੁ ਪਾਰਿ ਉਤਾਰਾ॥ ਬੈਰਾੜੀ ਮ: ੪ ॥{ਪੰਨਾ ੭੨੦}

ਆਓ ਭਾਈ ਸਾਹਿਬ ਭਾਈ ਗੁਰਦਾਸ ਜੀ ਨੂੰ ਸੁਣੀਐ।

੧ . ਰੰਗ ਮਹਲ ਰੰਗ ਰਾਗ ਵਿਚਿ ਦਸਰਥੁਕਉਸਲਿਆ ਰਲਿਆਲੇ
੨ . ਮਤਾ ਮਤਾਇਨਿ ਆਪ ਵਿਚਿ ਚਾਇ ਚਈਲੇ ਖਰੇ ਸੁਖਾਲੇ।
੩ . ਘਰਿ ਅਸਾੜੈ ਪੁਤੁ ਹੋਇ ਨਾਉ ਕਿ ਧਰੀਐ ਬਾਲਕ ਬਾਲੇ।
੪. ਰਾਮ ਚੰਦੁ ਨਾਉ ਲੈਦਿਆਂ ਤਿੰਨਿ ਹਤਿਆ ਤੇ ਹੋਇ ਨਿਰਾਲੇ।
੫. ਰਾਮ ਰਾਜ ਪਰਵਾਣ ਜਗੁ ਸਤਿ ਸੰਤੋਖ ਧਰਮ ਬਹਾਲੇ।
੬. ਮਾਇਆ ਵਿਚਿ ਉਦਾਸ ਹੋਇ ਸੁਣੈ ਪੁਰਾਣੁ ਬਸਿਸਟੁ ਬਹਾਲੇ।
੭. ਰਾਮਾਇਣੁ ਵਰਤਾਇਆ ਸਿਲਾ ਤਰੀ ਪਗ ਛੁਹਿ ਤਤਕਾਲੇ।
੮. ਸਾਧ ਸੰਗਤਿ ਪਗ ਧੂੜਿ ਨਿਹਾਲੇ।
ਵਾਰ ੨੩ ਪਉੜੀ ੮

ਆਖਰ ਨੂੰ ਕੇਕਈ ਮਾਤਾ ਦੀ ਈਰਖਾ ਕਰਕੇ ਰਾਜੇ ਦਸਰਥ ਨੂੰ ਸਖਾ ਕੇ ਰਾਮ ਚੰਦ੍ਰ ਜੀ ਨੂੰ 14 ਸਾਲ ਬਨਵਾਸ ਨੂੰ ਭੇਜ ਦਿੱਤਾ ਸੀ।

ਸੀਤਾ ਜੀ ਵੀ ਪਤੀ ਦੇਵ ਜੀ ਦੇ ਸਾਥ ਬਨਵਾਸ ਵਿਚ ਗਈ, ਅਤੇ ਲੱਖਮਣ ਛੋਟਾ ਭਰਾ ਵੀ ਰਾਮ ਜੀ ਦੇ ਦਰਸ਼ਨਾਂ ਤੋਂ ਬਿਨਾਂ ਰਹਿ ਨਹੀਂ ਸਕਦਾ ਨਾਲ ਹੀ ਰਿਹਾ ਜੰਗਲ ਬੀਆਬਾਨ ਵਿਚ, ਤ੍ਰੇਤੇ ਜੁਗ ਦਾ ਸਮਾਂ ਸੀ ਅਤੇ ਪ੍ਰਮੇਸਰ ਦੇ ਵੀਹਵੇਂ ਅਵਤਾਰ ਸੀ।ਰਾਵਣ ਸੀਤਾ ਨੂੰ ਚਰਾਕੇ ਲੈ ਗਿਆ ਸੀ।ਰਾਮ ਚੰਦ੍ਰ ਜੀ ਨੇ ਬਾਂਦਰਾਂ ਦੀ ਸੈਨਾ ਤਿਆਰ ਕੀਤੀ, ਹਨੂੰਮਾਨ ਜੀ ਸੰਮੁੰਦ੍ਰ ਦੇ ਉਤੇ ਤੈਰਾਕੇ ਸ੍ਰੀ ਲੰਕਾ ਵਿਚ ਸੀਤਾ ਮਾਤਾ ਜੀ ਨੂੰ ਮਿਲੇ, ਸੁਖ ਸਾਂਦ ਪੁਛੀ ਅਤੇ ਰਾਮ ਚੰਦ੍ਰ ਜੀ ਅਤੇ ਲਖਮਣ ਦੀ ਰਾਜ਼ੀ ਖੁਸ਼ੀ ਦੱਸੀ, ਸੀਤਾ ਜੀ ਤੋਂ ਇਕ ਮੁੰਦਰੀ ਨਸ਼ਾਨੀ ਵਜੋਂ ਲਿਆਕੇ ਦਿਤੀ। ਸੰਮੁਦਰ ਉਤੇ ਪੱਥਰਾਂ ਦਾ ਪੁਲ ਬਣਾਕੇ ਸ੍ਰੀ ਲੰਕਾ ਨੂੰ ਜਾਣ ਦੀ ਤਿਆਰੀ ਕੀਤੀ।

ਰਾਮਕਲੀ ਮ: ੧ ਸਿੱਧ ਗੋਸ਼ਟ {ਪੰਨਾ ੯੪੨}

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥ ਲੰਕਾ ਲੂਟੀ ਦੈਂਤ ਸੰਤਾਪੈ॥

ਅਰਥ: ਗੁਰਮੁਖਿ = ਤੋਂ ਭਾਵ ਪੂਰਾ ਗੁਰੂ ਵਸ਼ਿਸ਼ਟ, ਰਾਮਚੰਦ੍ਰ ਜੀ ਦੇ ਗੁਰੂ ਹਨ। ਵਸ਼ਿਸ਼ਟ ਗੁਰੂ ਦੇਵ ਜੀ ਪਾਸ ਰਾਮ ਜੀ ਨੇਂ ਬੇਨਤੀ ਕੀਤੀ ਗੁਰਦੇਵ ਜੀ ਸੀਤਾ ਜੀ ਸ੍ਰੀ ਲੰਕਾ ਵਿਚ ਹੈ, ਸੈਨਾ ਲੰਘਉਣੀ ਹੈ। ਕੋਈ ਵਿਧੀ ਦਸੋ, ਵਸ਼ਿਸ਼ਟ ਗੁਰੂ ਜੀ ਨੇਂ ਦੋ ਪੇਪਰ ਦਿਤੇ ਇਕ ਤੇ ਰਕਾਰ ਲਿਖ ਦਿਤਾ ਦੂਜੇ ਪੇਪਰ ਤੇ ਮਕਾਰ ਲਿਖ ਦਿਤਾ।ਕਿਹਾ ਇਹਨਾਂ ਦੇ ਉਤੇ ਪੱਥਰ ਪਾਣੀ ਵਿਚ ਰੱਖ ਦੇਈਂ ਇਹ ਅੱਗੇ ਚਲਣਗੇ, ਪਾਣੀ ਤੇ ਤੈਰ ਕੇ ਪਿਛੇ ਪਿਛੇ ਹੋਰ ਪੱਥਰ ਛੱਡੀ ਜਾਈਂ। ਓਸੇ ਤਰ੍ਹਾਂ ਪਾਣੀ ਤੇ ਪੱਥਰ ਤੈਰ ਕੇ ਸਮੁੰਦ੍ਰ ਉਤੇ ਤਕਰੀਬਨ 30 ਕਿਲੋਮੀਟਰ ਲੰਬਾ ਪੁਲੱ ਬੱਝ ਗਿਆ। ਰਾਮ ਚੰਦ੍ਰ ਜੀ ਪ੍ਰਭੂ ਦੇ ਅਵਤਾਰ ਅਤੇ ਛੋਟਾ ਭਰਾ ਲਕਸ਼ਮਣ ਜੱਤੀ ਪੁਰਸ਼, ਸ਼ਹਿਤ ਬਾਂਦਰਾਂ ਦੀ ਸੈਨਾ ਦੇ ਨਾਲ ਲੰਕਾ ਵਿਚ ਦਾਖਲ ਹੋਏ।ਰਾਵਣ ਪਾਸ ਆਪਣਾ ਦੂਤ ਭੇਜਿਆ ਕੇ ਰਾਮ ਚੰਦ੍ਰ ਭਗਵਾਨ ਆਏ ਹਨ, ਜੰਗ ਲਈ ਤਿਆਰ ਹੋ ਜਾ। ਗੁਰੂ ਨਾਨਕ ਦੇਵ ਇਸ ਘੋਰ ਯੁੱਧ ਦੇ ਸੰਬੰਧ ਵਿਚ ਲਿਖਦੇ ਹਨ।

ਗੁਰਮੁਖਿ ਬਾਂਧਿਓ ਸੇਤੁ ਬਿਧਾਤੇ॥ ਲੰਕਾ ਲੂਟੀ ਦੈਂਤ ਸੰਤਾਪੈ॥

ਅਰਥ: ਲੰਕਾ ਲੂਟੀ ਅਤੇ ਦੈਂਤਾਂ ਨੂੰ ਸੰਤਾਪ ਡੰਡ ਦਿੱਤਾ ਫੌਜਾਂ ਮਾਰੀਆਂ। ਬਿਧਾਤੇ ਤੋਂ ਭਾਵ ਰਾਮ ਚੰਦ੍ਰ ਜੀ। ਗੁਰਮੁਖ = ਗੁਰੂ ਵਸ਼ਿਸ਼ਟ ਮੁਨੀਂ ਜੀ।

ਰਾਮ ਚੰਦਿ ਮਾਰਿਓ ਅਹਿ ਰਾਵਣੁ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ॥

ਅਰਥ: ਰਾਮ ਚੰਦ੍ਰ ਜੀ ਨੇਂ ਫੌਜਾਂ ਨੂੰ ਮਾਰਕੇ ਫੇਰ ਰਾਵਣ ਨੂੰ ਜੰਗੇ ਮਦਾਨ ਵਿਚ ਮਾਰਿਆ। ਗੁਰਮੁਖਿ = ਰਾਵਣ ਦਾ ਭਰਾ ਰਾਮਚੰਦ੍ਰ ਨਾਲ ਰਲ ਗਿਆ ਸੀ, ਰਾਮ ਚੰਦ੍ਰ ਜੀ ਨੇਂ 101 ਸਿਰ ਵੱਢੇ ਸੀ ਰਾਵਣ ਦੇ ਉਹ ਸਿਰ ਫੇਰ ਲੱਗ ਜਾਂਦੇ ਸੀ। ਬਭੀਖਣ ਨੇਂ ਕਿਹਾ ਮਹਾਰਾਜ ਇਸ ਤਰ੍ਹਾਂ ਇਹ ਨਹੀਂ ਮਰੇਗਾ।ਇਸ ਦੇ ਨਾਭੀ ਵਿਚ ਅੰਮ੍ਰਿਤ ਦਾ ਕੁੰਡ ਹੈ।ਰਾਮ ਜੀ ਨੇਂ ਨਾਭੀ ਵਿਚ ਅੱਗਨ ਬਾਣ ਮਾਰਿਆ ਸੀ। ਤਾਂ ਰਾਵਣ ਮਰਿਆ ਸੀ। ਗੁਰੂ ਜੀ ਲਿਖਦੇ ਹਨ, ਕੇ ਭੇਦ ਰਾਵਣ ਦੇ ਭਰਾ ਬਭੀਸ਼ਨ ਨੇ ਦਿਤਾ ਸੀ।



ਗੁਰਮੁਖਿ ਸਾਇਰਿ ਪਾਹਣ ਤਾਰੇ ਗੁਰਮੁਖਿ ਕੋਟਿ ਤੇਤੀਸ ਉਧਾਰੇ ॥ {ਪੰਨਾ ੯੪੨ }

ਅਰਥ: ਗੁਰਮੁਖਿ=ਵਸ਼ਿਸ਼ਟ ਗੁਰੂ ਦੀ ਕ੍ਰਿਪਾ ਕਰਕੇ ਸਮੁੰਦ੍ਰ ਤੇ ਪਥਰ ਤਾਰੇ ਤੇਤੀ ਕ੍ਰੋੜ ਜਿਹੜੇ ਦੇਵਤੇ ਬੰਦੀ ਖਾਨੇ ਵਿਚ ਰਖੇ ਸੀ ਰਾਵਣ ਨੇਂ, ਸਾਰਿਆਂ ਨੂੰ ਉਧਾਰੇ॥ ਬੰਦ ਖਲਾਸੀ ਕਰਾ ਦਿਤੀ, ਆਜ਼ਾਦ ਹੋ ਗਏ। ਦੇਵਤਿਆਂ ਨੇ ਰਾਮ ਜੀ ਦੀ ਜੈ ਜੈ ਕਾਰ ਕੀਤੀ, ਕੇ ਹੇ ਪ੍ਰਭੂ ਆਪ ਜੀ ਨੇ ਕ੍ਰਿਪਾ ਕੀਤੀ ਹੈ।

ਆਸਾ ਕਬੀਰ ਜੀਉ॥ {ਪੰਨਾ ੪੮੧}

ਇਕ ਲਖ ਪੂਤ ਸਵਾ ਲਖੁ ਨਾਤੀ॥ ਤਿਹ ਰਾਵਨ ਘਰ ਦੀਆ ਨ ਬਾਤੀ॥੨॥

ਅਰਥ: ਰਾਵਣ ਦੇ ਘਰ ਵਿਚ ਇਕ ਲੱਖ ਪੁੱਤਰ, ਸਵਾ ਲੱਖ ਨਾਤੀ=ਪੋਤਰਾ ਸੀ। ਪਰ ਹੰਕਾਰ ਦੇ ਕਾਰਣ ਕਰਕੇ ਸਾਰੀ ਬੰਸੁ ਹੀ ਮਾਰੀ ਗਈ , ਦੀਵੇ ਗੁਲ ਹੋ ਗਏ। ਅਸ਼ੋਕ ਬਾਗ ਵਿਚੋਂ ਸੀਤਾ ਜੀ ਨੂੰ ਲੈ ਕੇ ਆਏ । ਰਾਵਣ ਦੇ ਛੋਟੇ ਭਰਾ ਵਿਭੀਸ਼ਣ ਨੂੰ ਰਾਜ ਗੱਦੀ ਤੇ ਬਿਠਾ ਕੇ ਅਯੁਧਿਆ ਨਗਰੀ ਵਿਚ ਆਏ।

ਉਸ ਸਮੇਂ ਤਕ 14 ਸਾਲ ਦਾ ਬਨਵਾਸ ਵੀ ਪੂਰਾ ਹੋ ਗਿਆ ਸ੍ਰੀ ਰ੍ਰਾਮ ਚੰਦ੍ਰ ਜੀ ਲਖਮਣ ਜੀ ਅਤੇ ਸੀਤਾ ਮਾਤਾ ਦਾ ਆਗਮ ਸੁਣਕੇ ਰਾਜ ਘਰਾਣੇ ਵਿਚ ਤਾਂ ਖੁਸ਼ੀਆਂ ਅਤੇ ਦੀਪ ਮਾਲਾ ਹੋਈ ਹੀ ਸੀ। ਸਾਰੇ ਅਯੁਧਿਆ ਵਾਸੀਆਂ ਨੇਂ ਦੀਵੇ ਜਗਾਏ ਅਤੇ ਇਕ ਦੂਜੇ ਨੂੰ ਜਾਂ ਗਰੀਬਾਂ ਨੂੰ ਮਿਠਾਈਆਂ ਵੰਡੀਆਂ। ਸਾਰੀ ਅਯੁੱਧਿਆ ਨਗਰੀ ਦੀਪ ਮਾਲਾ ਨਾਲ ਜਗ ਮਗਾ ਉਠੀ। ਦੀਪ ਵਾਲੀ ਤੋਂ ਇਸ ਦਾ ਨਾਮ ਦੀਵਾਲੀ ਪੈ ਗਿਆ। ਜੋ ਤ੍ਰੇਤੇ ਯੁਗ ਤੋਂ ਲੈ ਕੇ ਹਰ ਸਾਲ ਸਾਰੇ ਇੰਡੀਆ ਵਿਚ ਮਨਾਈ ਜਾਂਦੀ ਹੈ। {ਭੱਟਾਂ ਨੇ ਗੁਰੂ ਰਾਮ ਦਾਸ ਜੀ ਦੀ ਸਿਫਤ ਕਰਨ ਸਮੇਂ ਕਿਹਾ ਹੈ, ਆਪ ਜੀ ਪ੍ਰਭੂ ਸਰੂਪ ਹੋ, ਆਪ ਤ੍ਰੇਤੇ ਜੁਗ ਵਿੱਚ ਰਾਮਚੰਦ੍ਰ ਰੂਪ ਲੈ ਕੇ ਆਏ ਸੀ। ਸਵਈਏ ਮਹਲੇ ਚੌਥੇ ਕੇ॥ {ਪੰਨਾ ੧੪੦੨}

ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾਕੀ ਸਰਣੰ॥੨॥ ਸਤਿਗੁਰੁ ਗੁਰੁ ਸੇਵ ਅਲਖ ਗਤਿ ਜਾ ਕੀ ਸ੍ਰੀ ਰਾਮਦਾਸ ਤਾਰਣ ਤਰਣੰ॥

ਅਰਥ: ਭੱਟ ਗੁਰੂ ਰਾਮ ਦਾਸ ਜੀ ਨੂੰ ਬੇਨਤੀ ਕਰਦੇ ਹਨ: ਜਿਸ ਸਮੇਂ ਆਪ ਜੀ ਰਘੁਬੰਸ ਵਿਚ ਬੜੇ ਹੀ ਸੋਹਣੇ ਸੁੰਦਰ ਸਰੂਪ ਵਾਲੇ ਹੋ ਕੇ=ਦਸਰਥ ਘਰਿ=ਦਸਰਥ ਰਾਜੇ ਦੇ ਘਰ ਵਿਚ ਆਏ ਸੀ, ਬੜੇ ਬੜੇ ਰਿਸ਼ੀ ਮੁਨੀ ਆਪ ਜੀ ਦੇ ਦਰਸ਼ਨਾਂ ਨੂੰ ਬੰਸਹਿ =ਚਾਹੁੰਦੇ ਸੀ। ਅਤੇ ਆਪ ਜੀ ਦੇ ਚਰਨਾਂ ਦੀ ਧੂੜ ਪ੍ਰਾਪਤ ਕਰਕੇ ਆਪਣਾ ਜਨਮ ਸਫਲਾ ਚਾਹੁੰਦੇ ਸਨ। ਸ੍ਰੀ ਗੁਰੂ ਰਾਮ ਦਾਸ ਜੀ ਦੀ ਗਤੀ ਅਲਖ ਹੈ ਜਾਨਣ ਤੋਂ ਰਹਿਤ ਹੈ, ਸ੍ਰੀ ਗੁਰੂ ਰਾਮ ਦਾਸ ਜੀ ਕਲਜੁਗੀ ਜੀਵਾਂ ਨੂੰਤਾਰਣ ਨੂੰ ਜਹਾਜ਼ ਰੂਪ ਹਨ॥2॥

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥ ਸਵਈਏ ਮਹਲੇ ਚੌਥੇਕੇ॥ {ਪੰਨਾ ੧੪੦੩}

ਅਰਥ: ਹੇ ਗੁਰੂ ਰਾਮ ਦਾਸ ਜੀ :- ਆਪ ਸੱਚ ਸਰੂਪ ਹੋ ਭਾਵ ਪ੍ਰਮੇਸਰ ਸਰੂਪ ਹੋ, ਸ੍ਰੀ ਨਿਵਾਸ = ਤੋਂ ਭਾਵ ਹੈ ਲਛਮੀ ਆਪ ਜੀ ਦੇ ਚਰਨਾਂ ਵਿਚ ਨਿਵਾਸ ਰਖਦੀ ਹੈ। ਆਪ ਸਦਾ ਰਹਿਣ ਵਾਲੇ ਪ੍ਰਮਾਤਮਾਂ ਸਰੂਪ ਹੋ ਸਮੇਂ ਸਮੇਂ ਧਰਮ ਦੀ ਪਾਲਣਾ ਕਰਨ ਲਈ ਸਰਗੁਣ ਸਰੂਪ ਮਨੁੱਖਾ ਦੇਹੀ ਧਾਰਨ ਕਰਦੇ ਹੋ। ਆਪ ਸਤਿ ਜੁਗ, ਤ੍ਰੇਤਾ ਦੁਆਪੁਰ, ਕਲਯੁਗ, ਚਾਰਾਂ ਜੁਗਾਂ ਵਿਚ ਵਾਹਿਗੁਰੂ ਵਾਹਿ = ਅਸਚਰਜ ਹੋ ਅਗਿਆਨ ਰੂਪ , ਗੁ=ਹਨੇਰੇ ਦਾ ਨਾਸ ਕਰਕੇ ਗਿਆਨ , ਰੂ=ਪ੍ਰਕਾਸ਼ ਕਰਦੇ ਹੋ।ਹੇ ਗੁਰੂ ਰਾਮ ਦਾਸ ਜੀ ਆਪ ਧੰਨ ਹੋ ਆਪ ਜੀ ਦੀ ਲੀਲਾ ਲਖੀ ਨਹੀਂ ਜਾਂਦੀ।

ਬੇਨਤੀ ਹੈ ਸਾਧ ਸੰਗਤ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤੀ ਕਰ ਰਹੇ ਹਨ ਭੱਟ।

ਸਵਈਏ ਮਹਲੇ ਪਹਿਲੇ ਕੇ ॥ {ਪੰਨਾ ੧੩੯੦}

ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥ ਤ੍ਰੇਤੈ ਤੈ ਮਾਣਿਓ ਰਾਮੁ ਰਘਵੰਸੁ ਕਹਾਇਓ॥

ਅਰਥ: ਹੇ ਸਤਿਗੁਰੂ ਨਾਨਕ ਦੇਵ ਜੀ ਆਪ ਜੀ ਨੇਂ ਸਤਜੁਗ ਵਿਚ ਬਾਵਨ ਅਵਤਾਰ ਧਾਰਕੇ ਰਾਜੇ ਬਲ ਨੂੰ ਛਲਿਆ ਸੀ। ਤ੍ਰੇਤੇ ਜੁਗ ਵਿਚ ਆਪ ਜੀ ਨੇਂ ਰਘੁਵੰਸੁ=ਕੁਲ ਵਿਚ ਰਾਮ ਚੰਦ੍ਰ ਰੂਪ ਧਾਰਨ ਕੀਤਾ, ਰਾਵਣ ਦੇ ਮਾਰਨ ਲਈ ਆਏ ਸੀ।

ਦੁਆਪੁਰਿ ਕ੍ਰਿਸ਼ਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥

ਅਰਥ:- ਗੁਰੂ ਨਾਨਕ ਨੈਂ ਹੀ ਪਾਪੀ ਰਾਜੇ ਕੰਸ਼ ਨੂੰ ਕ੍ਰਿਸ਼ਨ ਰੂਪ ਹੋ ਕੇ ਮਾਰਿ-ਰਆ ਅਤੇ ਕਿਰਤਾਰਥ=ਕਲਿਆਣ ਕੀਤੀ ਕੰਸ ਦੀ। ਮੱਥਰਾ ਦਾ ਰਾਜ ਉਗ੍ਰਸੈਣ ਜੀ ਨੂੰ ਦਿਤਾ। ਕਲਿਜੁਗਿ ਪ੍ਰਮਾਣੁ ਨਾਨਾਕ ਗੁਰੁ ਅੰਗਦੁ ਅਮਰੁਕਹਾਇਓ॥

ਸਤਿਗੁਰੂ ਨਾਨਕ ਦੇਵ ਜੀ:- ਪਿਛਲਿਆਂ ਜੁਗਾਂ ਵਾਂਗ ਪ੍ਰਮਾਣ =ਪਰਤੱਖ ਕਲਜੁਗ ਵਿਚ ਆਪ ਜੀ = ਗੁਰੂ ਨਾਨਕ , ਗੁਰੂ ਅੰਗਦ ਅਤੇ ਗੁਰੂ ਅਮਰਦਾਸ ਨਾਮੁ ਕਹਾਏ ਹੋ।ਹੁਣ ਆਪਾਂ ਤੁਹਾਡੀ ਹੋਰ ਤਸੱਲੀਬਖਸ਼ ਲਈ ਪੰਚਮ ਪਿਤਾ ਜੀ ਨੂੰ ਪੁਛਦੇ ਹਾਂ।

ਸ੍ਰੀ ਰਾਮ ਚੰਦ੍ਰ ਜਿਸੁ ਰੂਪੁ ਨ ਰੇਖਿਆ॥ ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ॥ ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ॥੪॥ ਮਾਰੂ ਮਹਲਾ ੫ {ਪੰਨਾ ੧੦੮੨}

ਅਰਥ: ਜਿਸ ਪਰਮਾਤਮਾਂ ਦਾ ਕੋਈ ਰੂਪ ਰੇਖਾ ਨਹੀਂ ਹੈ। ਉਹ ਆਪ ਹੀ ਰਾਮ ਚੰਦ੍ਰ ਰੂਪ ਹੋ ਕੇ ਆਇਆ। ਬਨਵਾਲੀ=ਸੰਸਾਰ ਰੂਪੀ ਬਨ ਦਾ ਵਾਲੀ =ਮਾਲਕ, ਬਾਗ ਦਾ ਮਾਲੀ, ਸੁਦਰਸ਼ਨ ਚੱਕਰ ਨੂੰ ਧਾਰਨ ਕਰਕੇ, ਚਕ੍ਰਪਾਣ ਨਾਮ ਪੈਗਿਆ ਪ੍ਰਮਾਤਮਾ ਦਾ। ਵੈਰਾਟ ਰੂਪ ਹੋਣ ਕਰਕੇ ਉਸ ਦੇ ਹਜ਼ਾਰਾਂ ਨੇਤਰ ਹਨ, ਹਜ਼ਾਰਾਂ ਮੂਰਤੀਆਂ ਹਨ, ਪਰਮੇਸ਼ਰ ਇਕ ਦਾਤਾ ਹੈ।

ਬਾਕੀ ਸਭ ਚੌਰਾਸੀ ਲੱਖ ਜੂਨਾਂ ਉਸ ਦੇ ਅਗੇ ਹਥ ਪਸਾਰ ਕੇ ਮੰਗਦੇ ਹਨ। ਨੋਟ: ਕਈ ਗੁਰਮੁਖ ਪਿਆਰੇ ਸੰਕਾ ਕਰਨਗੇ ਕੇ ਭੱਟਾਂ ਦੀ ਬਾਣੀ ਹੈ। ਤੁਹਾਡੀ ਤਸੱਲੀ ਲਈ ਮਾਰੂ ਮਹਲਾ ੫॥ {ਪੰਨਾ ੧੦੮੨} ਤੇ ਰਾਮ ਚੰਦ੍ਰ ਜੀ ਦੀ ਸਿਫਤ ਗੁਰੂ ਅਰਜਨ ਦੇਵ ਜੀ ਨੇਂ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਅੰਦਰ ਬਹੁਤ ਪ੍ਰਮਾਣ ਹਨ। ਜੋ ਇਕੋ ਜੋਤ ਲਿਖਦੇ ਹਨ, ਨਰਸਿੰਘ ਅਵਤਾਰ, ਰਾਮ ਚੰਦ੍ਰ ਜੀ, ਬਾਵਨ ਅਵਤਾਰ, ਕ੍ਰਿਸ਼ਨ ਭਗਵਾਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਤਕ ਅੱਗੇ ਨਿਹ ਕਲੰਕ ਆਏਗਾ। ਕਲਜੁਗ ਦੇ ਸਮੇਂ ਵਿਚ ਜਿਸ ਵੇਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਆਲੀਅਰ ਦੇ ਕਿਲੇ ਵਿਚ 52 ਰਾਜਿਆਂ ਨੂੰ ਰਿਹਾ ਕਰਾਕੇ ਆਏ ਸਨ, ਉਸ ਦਿਨ ਤੋਂ ਇਹਨਾਂ ਦਾ ਨਾਮੁ=ਬੰਦੀ ਛੋਡ ਪੈ ਗਿਆ। ਅਤੇ ਮਜ਼ਲੋ ਮਜ਼ਲੀ ਅੰਮ੍ਰਿਤਸਰ ਪਹੁੰਚੇ ਤਾਂ ਸਾਰੀ ਗੁਰੂ ਕੀ ਨਗਰੀ ਵਾਲਿਆਂ ਨੇਂ ਖੁਸ਼ੀਆਂ ਮਨਾਈਆਂ ਅਤੇ ਬਾਬਾ ਬੁਢਾ ਜੀ ਨੇਂ ਦਰਬਾਰ ਸਾਹਿਬ ਅਤੇ ਸਰੋਵਰ ਦੀਆਂ ਪ੍ਰਕਮਾਂ ਵਿਚ ਦੀਪ ਮਾਲਾ ਕੀਤੀ ਸੀ। ਉਸ ਦਿਨ ਤੋਂ ਸਿਖ ਸੰਗਤਾਂ ਵਿਚ ਇਹ ਦੀਵਾਲੀ ਪ੍ਰਮੇਸਵਰ ਸਰੂਪ ਬੰਦੀ ਛੋਡ ਦੇ ਨਾਮ ਨਾਲ ਪ੍ਰਸਿੱਧ ਹੋਈ। ਸਿਖ ਜਗਤ ਨੂੰ ਅਤੇ ਸਾਰੇ ਭਾਰਤ ਵਾਸੀਆਂ ਨੂੰ ਦਾਸ=ਕੀਟ ਵਲੋਂ ਦੀਵਾਲੀ ਮੁਬਾਰਕ ਹੋਵੇ ਜੀ।

ਦਾਸ=ਹੋਈਆਂ ਭੂਲਾਂ ਦੀ ਮਾਫੀ ਚਾਉਂਦਾ ਹਾਂ ਜੀ।





# ਬੰਦੀਛੋੜ ਦਿਵਸ ਤੇ ਦੀਵਾਲੀ ਦੀਆਂ ਲੱਖ ਲੱਖ ਵਧਾਈਆਂ

## AUTO & HOME INSURANCE

Super visa monthly plans available /Life & Disability/
Critical illness /RESP /Visitor & Travel insurance

ਬੱਚਿਆਂ ਦੀ ਆਰ ਈ ਐਸ ਪੀ ਕਰਾਉਣ ਤੇ 20% ਤੱਕ ਗਰਾਂਟ ਅਤੇ 15% ਤੱਕ ਬੋਨਸ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸੰਪਰਕ ਕਰੋ: Manwinder Mangat

Aaxel Insurance Brokers Ltd., 1332 Khalsa Dr,
Unit # 11, Mississauga, ON L5S 0A2

**416-845-1352**



Chapel Ridge
FUNERAL HOME
& CREMATION CENTRE

## ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



**2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ**

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: **ਹਰਜਿੰਦਰ ਸਿੰਘ ਬਿਲਖੂ**
**647-966-0093**
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਊਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com

## ਕੀ ਤੁਸੀਂ ਕਰਜ਼ੇ ਵਿੱਚ ਹੋ?

**ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?**



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST
- -Credit Card Debts
- -Personal Loans
- -Pay Day Loans
- -Student Loans
- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਡੈਰੀ ਵਿਲੇਜ਼ ਸੀਨੀਅਰਜ਼ ਕਲੱਬ ਵਲੋਂ ਫੂਡ ਬੈਂਕ ਲਈ ਫੂਡ ਇਕੱਤਰ








ਬੀਤੇ ਦਿਨੀਂ ਮਿਸੀਸਾਗਾ ਦੀ ਡੈਰੀ ਵਿਲੇਜ ਸੀਨੀਅਰ ਕਲੱਬ ਵਲੋਂ ਆਪਣੇ ਇਲਾਕਾ ਨਿਵਾਸੀਆਂ ਨਾਲ ਰਲ ਕੇ ਫੂਡ ਬੈਂਕ ਲਈ ਫੂਡ ਇਕੱਤਰ ਕਰਨ ਦੀ ਮੁਹਿੰਮ ਵਿੱਢੀ ਗਈ। ਇਸ ਮੁਹਿੰਮ ਵਿਚ ਇਲਾਕਾ ਨਿਵਾਸੀਆਂ ਵਲੋਂ ਵੱਡੀ ਤਾਦਾਦ ਵਿਚ ਫੂਡ ਡੋਨੇਟ ਕੀਤਾ ਗਿਆ। ਇਸ ਫੂਡ ਨੂੰ ਡੈਰੀ ਵਿਲੇਜ ਸੀਨੀਅਰ ਕਲੱਬ ਜਿਸ ਪਾਰਕ ਵਿਚ ਬੈਠਦੀ ਹੈ, ਉਥੇ ਬਣੇ ਸ਼ੈਡ ਵਿਚ ਇਕੱਤਰ ਕੀਤਾ ਗਿਆ ਤੇ ਫੇਰ ਉਸ ਤੋਂ ਬਾਅਦ ਫੂਡ ਬੈਂਕ ਲਈ ਭੇਜ ਦਿੱਤਾ ਗਿਆ। ਸ: ਗੁਰਦੇਵ ਸਿੰਘ ਨੇ ਦੱਸਿਆ ਕਿ ਇਹ ਸਾਡੇ ਸੀਨੀਅਰ ਗਰੁੱਪ ਦਾ ਉਪਰਾਲਾ ਸੀ ਤੇ ਅਸੀਂ ਇਸ ਨੂੰ ਸਲਾਨਾ ਤੌਰ ਉਤੇ ਸ਼ੁਰੂ ਕਰਨ ਜਾ ਰਹੇ ਹਾਂ। ਹਰ ਸਾਲ ਅਸੀਂ ਸਾਲ ਵਿਚ ਇਕ ਵਾਰ ਇਸ ਤਰ੍ਹਾਂ ਫੂਡ ਬੈਂਕ ਨੂੰ ਫੂਡ ਇਕ-ੱਤਰ ਕਰਕੇ ਦਿਆ ਕਰਾਂਗੇ। ਗੁਰਮੇਲ ਸਿੰਘ ਸੱਗੂ ਨੇ ਆਪਣੇ ਉਨ੍ਹਾਂ ਸਾਰੇ ਹੀ ਸਾਥੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਮੁਹਿੰਮ ਵਿਚ ਆਪਣਾ ਹਿੱਸਾ ਪਾਇਆ ਅਤੇ ਨਾ ਖਰਾਬ ਹੋਣ ਵਾਲਾ ਖਾਣਾ ਉਹ ਲੈ ਕੇ ਲੋੜਵੰਦਾਂ ਦੀ ਮੱਦਦ ਲਈ ਅੱਗੇ ਆਏ।

## ਮਾਰਖਮ ਦੇ ਹਾਈਵੇਅ 407 ਉੱਤੇ ਜਹਾਜ਼ ਨੇ ਕੀਤੀ ਐਮਰਜੰਸੀ ਲੈਂਡਿੰਗ



ਟੋਰਾਂਟੋ, 28 ਅਕਤੂਬਰ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਮਾਰਖਮ ਵਿੱਚ ਹਾਈਵੇਅ 407 ਉੱਤੇ ਇੱਕ ਜਹਾਜ਼ ਨੂੰ ਐਮਰਜੰਸੀ ਲੈਂਡਿੰਗ ਕਰਨੀ ਪਈ। ਇਸ ਘਟਨਾ ਵਿੱਚ ਕਿਸੇ ਦੇ ਵੀ ਜ਼ਖ਼ਮੀ ਹੋਣ ਦੀ ਜਾਣਕਾਰੀ ਨਹੀਂ ਮਿਲੀ ਹੈ।

ਸਵੇਰੇ 11:00 ਵਜੇ ਤੋਂ ਪਹਿਲਾਂ ਵੁੱਡਬਾਈਨ ਐਵਨਿਊ ਨੇੜੇ ਹਾਈਵੇਅ ਦੀਆਂ ਪੂਰਬ ਜਾਣ ਵਾਲੀਆਂ ਲੇਨਜ਼ ਉੱਤੇ ਇਹ ਜਹਾਜ਼ ਉਤਰਿਆ। ਸੋਸ਼ਲ ਮੀਡੀਆ ਉੱਤੇ ਸਰਕੂਲੇਟ ਹੋ ਰਹੀ ਤਸਵੀਰ ਵਿੱਚ ਸਿੰਗਲ ਪ੍ਰੋਪੈਲਰ ਵਾਲਾ ਇੱਕ ਜਹਾਜ਼ ਸੜਕ ਉੱਤੇ ਖੜ੍ਹਾ ਨਜ਼ਰ ਆ ਰਿਹਾ ਹੈ ਤੇ ਪੁਲਿਸ ਦੀਆਂ ਗੱਡੀਆਂ ਉਸ ਦੇ ਪਿੱਛੇ ਪਾਰਕ ਕੀਤੀਆਂ ਹੋਈਆਂ ਹਨ।

ਓਪੀਪੀ ਦੇ ਸਾਰਜੈਂਟ ਕੈਰੀ ਸ਼ਮਿਡਟ ਨੇ ਦੱਸਿਆ ਕਿ ਜਹਾਜ਼ ਤਾਂ ਸੁਰੱਖਿਅਤ ਢੰਗ ਨਾਲ ਉਤਰ ਗਿਆ ਪਰ ਫਿਰ ਜਲਦ ਬਾਅਦ ਹੀ ਉਸ ਨੂੰ ਦਿੱਕਤਾਂ ਸ਼ੁਰੂ ਹੋ ਗਈਆਂ। ਇੰਜਣ ਵਿੱਚ ਗੜਬੜ ਹੋਣ ਕਾਰਨ ਉਸ ਨੂੰ ਪਿੱਛੇ ਬਟਨਵਿੱਲ ਵੀ ਨਹੀਂ ਸੀ ਲਿਜਾਇਆ ਜਾ ਸਕਦਾ। ਇੱਕ ਤਾਂ ਦੂਰੀ ਬਹੁਤ ਸੀ ਤੇ ਰਾਹ ਵਿੱਚ ਕਈ ਬਿਲਡਿੰਗਾਂ ਵੀ ਮੌਜੂਦ ਸਨ। ਜਹਾਜ਼ ਨੂੰ ਖੜ੍ਹਾ ਕਰਨ ਲਈ ਹਾਈਵੇਅ 407 ਉੱਤੇ ਹੀ ਕਿਸੇ ਠੀਕ ਲੋਕੇਸ਼ਨ ਦੀ ਭਾਲ ਵੀ ਕੀਤੀ ਗਈ।

ਮੌਕੇ ਉੱਤੇ ਮੌਜੂਦ ਰਿਪੋਰਟਰਜ਼ ਨੇ ਦੱਸਿਆ ਕਿ ਜਹਾਜ਼ ਵਿੱਚੋਂ ਦੋ ਵਿਅਕਤੀ ਬਾਹਰ ਆਏ। ਮਦਦ ਲਈ ਮੌਕੇ ਉੱਤੇ ਪਹੁੰਚੇ ਐਮਰਜੰਸੀ ਅਮਲੇ ਕਾਰਨ ਹਾਈਵੇਅ ਦੀਆਂ ਤਿੰਨ ਲੇਨਜ਼ ਬੰਦ ਕਰਨੀਆਂ ਪਈਆਂ। ਪਬਲਿਕ ਏਵੀਏਸ਼ਨ ਰਿਕਾਰਡਜ਼ ਵੱਲੋਂ ਇਸ ਪਲੇਨ ਦੀ ਪਛਾਣ ਟੋਰਾਂਟੋ ਵਿੱਚ ਕੈਰੇਬੀਅਨ ਫਲਾਇੰਗ ਕਲੱਬ ਦੇ ਨਾਂ ਰਜਿਸਟਰ ਪਾਈਪਰ ਪੀਏ-28 ਵਜੋਂ ਹੋਈ। ਓਪੀਪੀ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਵੈਕਸੀਨ ਲਾਜ਼ਮੀ ਕਰਨ ਨਾਲ 50,000 ਸਿੱਖਿਆ ਵਰਕਰਜ਼ ਨੂੰ ਨੌਕਰੀ ਤੋਂ ਕੀਤਾ ਜਾ ਸਕਦਾ ਹੈ ਬਾਹਰ : ਲਿਚੇ

ਟੋਰਾਂਟੋ, 28 ਅਕਤੂਬਰ (ਪੋਸਟ ਬਿਊਰੋ) : ਪ੍ਰੋਵਿੰਸ ਦੇ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਮੰਗਲਵਾਰ ਨੂੰ ਆਖਿਆ ਕਿ ਜੇ ਸਿੱਖਿਆ ਵਰਕਰਜ਼ ਲਈ ਕੋਵਿਡ-19 ਵੈਕਸੀਨ ਲਾਜ਼ਮੀ ਕਰ ਦਿੱਤੀ ਜਾਂਦੀ ਹੈ ਤਾਂ ਓਨਟਾਰੀਓ ਦੇ ਇਸ ਸੈਕਟਰ ਦੇ 50,000 ਐਜੂਕੇਸ਼ਨ ਵਰਕਰਜ਼ ਨੂੰ ਨੌਕਰੀ ਤੋਂ ਬਾਹਰ ਕੱਢਿਆ ਜਾ ਸਕਦਾ ਹੈ।



ਪ੍ਰਸ਼ਨ ਕਾਲ ਵਿੱਚ ਐਨਡੀਪੀ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਸਟੀਫਨ ਲਿਚੇ ਨੇ ਆਖਿਆ ਕਿ ਸਾਨੂੰ ਇਸ ਮਾਮਲੇ ਵਿੱਚ ਬਹੁਤ ਸੋਚ ਸਮਝ ਕੇ ਕਦਮ ਚੁੱਕਣਾ ਹੋਵੇਗਾ ਤੇ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਜਿਹੜਾ ਸਟਾਫ ਮੈਂਬਰ ਸਾਡੇ ਸਕੂਲਾਂ ਵਿੱਚ ਦਾਖਲ ਹੁੰਦਾ ਹੈ ਤਾਂ ਉਸ ਨੂੰ ਨੈਗੇਟਿਵ ਐਂਟੀਜਨ ਟੈਸਟ ਕਰਵਾਉਣਾ ਹੋਵੇਗਾ। ਅਜਿਹਾ ਇਸ ਲਈ ਕੀਤਾ ਜਾਵੇਗਾ ਤਾਂ ਕਿ ਸਾਡੇ ਸਕੂਲ ਸਕਿਓਰ ਹੋ ਸਕਦੇ ਹਨ, ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਸਕੂਲਾਂ ਵਿੱਚ ਸਟਾਫ ਆਉਂਦਾ ਰਹੇ ਅਤੇ ਬੱਚੇ ਸਕੂਲ ਜਾਂਦੇ ਰਹਿਣ। ਲਿਚੇ ਦੇ ਬੁਲਾਰੇ ਨੇ ਆਖਿਆ ਕਿ ਜਿਸ ਸਟਾਫ ਨੇ ਟੀਕਾਕਰਣ ਨਹੀਂ ਕਰਵਾਇਆ ਗਿਆ ਉਨ੍ਹਾਂ ਨੂੰ ਹਫਤੇ ਵਿੱਚ ਦੋ ਵਾਰੀ ਨੈਗੇਟਿਵ ਟੈਸਟ ਰਿਪੋਰਟ ਦੇਣੀ ਹੋਵੇਗੀ। ਇਨ੍ਹਾਂ 50,000 ਵਰਕਰਜ਼ ਵਿੱਚ ਉਹ ਅਧਿਆਪਕ, ਐਜੂਕੇਸਨਲ ਅਸਿਸਟੈਂਟਸ, ਅਰਲੀ ਚਾਈਲਡਹੁੱਡ ਐਜੂਕੇਟਰਜ਼, ਪ੍ਰਿੰਸੀਪਲ, ਬੋਰਡ ਸਟਾਫ, ਓਕੇਸ਼ਨਲ ਸਟਾਫ ਅਤੇ ਕਸਟੋਡੀਅਨ ਜਿਨ੍ਹਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਹੋਈ ਜਾਂ ਆਪਣੇ ਸਟੇਟਸ ਦਾ ਖੁਲਾਸਾ ਨਹੀਂ ਕਰਨਾ ਚਾਹੁੰਦੇ, ਸ਼ਾਮਲ ਹਨ। ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਵਰਗੇ ਹੋਰਨਾਂ ਬੋਰਡਜ਼ ਨੇ ਸਖ਼ਤ ਸਕੂਲੀ ਪਾਬੰਦੀਆਂ ਦਾ ਐਲਾਨ ਵੀ ਕੀਤਾ ਹੈ ਤੇ ਜਿਨ੍ਹਾਂ ਵਿੱਚ ਨੌਕਰੀ ਤੋਂ ਕੱਢਿਆ ਜਾਣਾ ਵੀ ਇੱਕ ਹੈ।

## ਉਮੀਦ ਨਾਲੋਂ ਪਹਿਲਾਂ ਹੋ ਸਕਦਾ ਹੈ ਵਿਆਜ਼ ਦਰਾਂ ਵਿੱਚ ਵਾਧਾ : ਬੈਂਕ ਆਫ ਕੈਨੇਡਾ

...ਪੰਨਾ 1 ਦਾ ਬਾਕੀ

ਫਿਰ 2023 ਤੱਕ ਇਹ ਦੋ ਫੀ ਸਦੀ ਉੱਤੇ ਮੁੜ ਆਵੇਗੀ। ਚੀਜ਼ਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਪਿੱਛੇ ਸਪਲਾਈ ਚੇਨ ਵਿੱਚ ਪੈਣ ਵਾਲੇ ਅੜਿੱਕੇ ਜ਼ਿੰਮੇਵਾਰ ਹਨ, ਇਸ ਨਾਲ ਕੰਪਨੀਆਂ ਲਈ ਕੀਮਤਾਂ ਵਧੀਆਂ ਹਨ ਤੇ ਜਿਨ੍ਹਾਂ ਵਸਤਾਂ ਦੀ ਵਧੇਰੇ ਡਿਮਾਂਡ ਹੈ ਉਨ੍ਹਾਂ ਦੀ ਸਪਲਾਈ ਸੀਮਤ ਹੋਈ ਹੈ। ਬੈਂਕ ਨੂੰ ਇਹ ਵੀ ਡਰ ਹੈ ਕਿ ਇਸ ਸਾਲ ਦੇ ਅੰਤ ਵਿੱਚ ਸਪਲਾਈ ਸਬੰਧੀ ਦਿੱਕਤਾਂ ਵੱਧ ਸਕਦੀਆਂ ਹਨ।

ਇਸ ਦੇ ਨਾਲ ਹੀ ਗੈਸੋਲੀਨ ਤੇ ਨੈਚੂਰਲ ਗੈਸ ਦੀਆਂ ਕੀਮਤਾਂ ਵਿੱਚ ਹੋ ਰਹੇ ਵਾਧੇ ਕਾਰਨ ਵੀ ਦਬਾਅ ਬਣਿਆ ਹੋਇਆ ਹੈ। ਬੈਂਕ ਨੇ ਆਖਿਆ ਕਿ ਵਿਆਜ਼ ਦਰਾਂ ਵਿੱਚ ਵਾਧਾ 2022 ਦੀ ਦੂਜੀ ਛਿਮਾਹੀ ਵਿੱਚ ਸ਼ੁਰੂ ਹੋ ਸਕਦਾ ਹੈ। ਸੈਂਟਰਲ ਬੈਂਕ ਨੇ ਇਹ ਚੇਤਾਵਨੀ ਵੀ ਦਿੱਤੀ ਕਿ ਜੇ ਕੋਵਿਡ-19 ਮਾਮਲਿਆਂ ਵਿੱਚ ਮੁੜ ਵਾਧਾਂ ਹੁੰਦਾ ਹੈ ਤਾਂ ਆਰਥਿਕ ਵਿਕਾਸ ਦੀ ਰਫਤਾਰ ਮੁੜ ਘੱਟ ਸਕਦੀ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ

CANADIAN
GLASS AND WINDOW

SINGH (TOCHI)
416-454-3031
647-784-8240
Email: tochisangha1@hotmail.com




ਜਗਦੀਸ਼ ਗਰੇਵਾਲ ਅਤੇ
ਜੱਸ ਤੂਰ ਵੱਲੋ ਬੰਦੀ ਛੋੜ
ਦਿਵਸ ਅਤੇ ਦੀਵਾਲੀ ਦੀਆਂ
ਲੱਖ ਲੱਖ ਮੁਬਾਰਕਾਂ !



# ਕਿਸਾਨਾਂ ਦੇ ਸਮਰਥਨ ਲਈ ਭਾਰਤ ਆ ਰਹੇ ਅਮਰੀਕੀ ਕਾਰੋਬਾਰੀ ਨੂੰ ਏਅਰਪੋਰਟ ਤੋਂ ਹੀ ਮੋੜੇ ਜਾਣ ਉੱਤੇ ਓ ਐਸ ਜੀ ਸੀ ਨੇ ਪ੍ਰਗਟਾਈ ਚਿੰਤਾ



ਓਨਟਾਰੀਓ, 28 ਅਕਤੂਬਰ (ਪੋਸਟ ਬਿਊਰੋ) : ਅਮਰੀਕੀ ਨਾਗਰਿਕ ਤੇ ਕਾਰੋਬਾਰੀ ਦਰਸ਼ਨ ਸਿੰਘ ਧਾਲੀਵਾਲ ਨੂੰ ਸਾਰੇ ਕਾਨੂੰਨੀ ਦਸਤਾਵੇਜ਼ ਹੋਣ ਦੇ ਬਾਵਜੂਦ ਨਵੀਂ ਦਿੱਲੀ ਦੇ ਏਅਰਪੋਰਟ ਤੋਂ ਹੀ ਵਾਪਿਸ ਮੋੜਨ ਲਈ ਭਾਰਤ ਸਰਕਾਰ ਵੱਲੋਂ ਚੁੱਕੇ ਗਏ ਕਦਮਾਂ ਉੱਤੇ ਓਨਟਾਰੀਓ ਸਿੱਖਜ਼ ਐਂਡ ਗੁਰਦੁਆਰਾ ਕਾਊਂਸਲ ( ਓ ਐਸ ਜੀ ਸੀ ) ਨੇ ਚਿੰਤਾ ਪ੍ਰਗਟਾਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਧਾਲੀਵਾਲ ਨੂੰ ਇਸ ਤਰ੍ਹਾਂ ਰੋਕਣ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ ਪਰ ਇਹ ਕਿਆਸਅਰਾਈਆਂ ਹਨ ਕਿ ਭਾਰਤ ਵਿੱਚ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਅੰਦੋਲਨ ਵਿੱਚ ਉਨ੍ਹਾਂ ਦਾ ਸਮਰਥਨ ਕਰਨ ਤੇ ਉਨ੍ਹਾਂ ਦੀ ਪਰਿਵਾਰਕ ਫਾਊਂਡੇਸ਼ਨ ਵੱਲੋਂ ਅੰਦੋਲਨ ਵਾਲੀ ਥਾਂ ਉੱਤੇ ਕਮਿਊਨਿਟੀ ਕਿਚਨ ਚਲਾਏ ਜਾਣ ਦੇ ਸਬੰਧ ਵਿੱਚ ਹੀ ਉਨ੍ਹਾਂ ਨੂੰ ਰੋਕਿਆ ਗਿਆ। ਜੇ ਧਾਲੀਵਾਲ ਖਿਲਾਫ ਕੋਈ ਮੁਜਰਮਾਨਾਂ, ਦੇਸ਼ ਵਿਰੋਧੀ ਜਾਂ ਹੋਰ ਅਜਿਹਾ ਹੀ ਕੋਈ ਕਾਰਨ ਸਰਕਾਰ ਨੂੰ ਮਿਲਦਾ ਹੈ ਤਾਂ ਉਨ੍ਹਾਂ ਕਾਰਨਾਂ ਤੋਂ ਹੋਰਨਾਂ ਨੂੰ ਵੀ ਜਾਣੂ ਕਰਵਾਇਆ ਜਾਣਾ ਜ਼ਰੂਰੀ ਹੈ। ਨਹੀਂ ਤਾਂ ਕਿਸਾਨਾਂ ਦੇ ਸਮਰਥਨ ਲਈ ਗਏ ਧਾਲੀਵਾਲ ਨੂੰ ਬਿਨਾਂ ਮਤਲਬ ਦੇ ਰੋਕਣ ਦੀ ਓ ਐਸ ਜੀ ਸੀ ਵੱਲੋਂ ਸਖ਼ਤ ਨਿਖੇਧੀ ਕੀਤੀ ਜਾਂਦੀ ਹੈ। ਇਸ ਤੋਂ ਸਾਫ ਮਤਲਬ ਇਹ ਹੈ ਕਿ ਸਰਕਾਰ ਕਿਸਾਨਾਂ ਦੇ ਹੱਕ ਵਿੱਚ ਉੱਠਣ ਵਾਲੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ।

ਓ ਐਸ ਜੀ ਸੀ ਦੇ ਚੇਅਰਮੈਨ ਕੁਲਤਾਰ ਸਿੰਘ ਗਿੱਲ ਨੇ ਆਖਿਆ ਕਿ ਅਸੀਂ ਕਿਸਾਨ ਅੰਦੋਲਨ ਦਾ ਹੱਲ ਕੱਢੇ ਜਾਣ ਦੇ ਮਾਮਲੇ ਵਿੱਚ ਸਾਰੇ ਪੱਖ ਖੁੱਲ੍ਹੇ ਰੱਖ ਕੇ ਚੱਲ ਰਹੇ ਹਾਂ ਤੇ ਹਰ ਕਿਸਮ ਦੀ ਮਦਦ ਲਈ ਤਿਆਰ ਹਾਂ। ਅਸੀਂ ਸੰਯੁਕਤ ਕਿਸਾਨ ਮੋਰਚਾ ਦੀ ਲੀਡਰਸ਼ਿਪ ਨਾਲ ਵੀ ਰਾਬਤਾ ਰੱਖ ਰਹੇ ਹਾਂ ਤੇ ਭਾਰਤ ਸਰਕਾਰ ਨਾਲ ਸਿੱਧਾ ਸੰਪਰਕ ਕਰਨ ਦੀ ਵੀ ਕੋਸ਼ਿਸ਼ ਕਰ ਰਹੇ ਹਾਂ। ਉਨ੍ਹਾਂ ਆਖਿਆ ਕਿ ਕੁੱਝ ਮੀਡੀਆ ਅਦਾਰਿਆਂ ਵੱਲੋਂ ਓ ਐਸ ਜੀ ਸੀ ਨੂੰ ਕਈ ਸ਼ੱਕੀ ਕਿਰਦਾਰਾਂ ਤੇ ਸੰਸਥਾਵਾਂ ਨਾਲ ਜੋੜ ਕੇ ਪੇਸ਼ ਕਰਨ ਕਾਰਨ ਸਾਡੀਆਂ ਕੋਸ਼ਿਸ਼ਾਂ ਨੂੰ ਊਣਾਂ ਕਰਕੇ ਵਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਸੀਂ ਕਿਸਾਨਾਂ ਦੇ ਇਸ ਮਸਲੇ ਦਾ ਹੱਲ ਕੱਢਣ ਲਈ ਭਾਰਤ ਸਰਕਾਰ ਉੱਤੇ ਦਬਾਅ ਪਾਉਣਾ ਜਾਰੀ ਰੱਖਾਂਗੇ ਤੇ ਕਿਸਾਨਾਂ ਦੀ ਹਰ ਸੰਭਵ ਮਦਦ ਕਰਦੇ ਰਹਾਂਗੇ।

## ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮੋਬਾਇਲ: ਪਰਮਿੰਦਰ ਗਰੇਵਾਲ 647-391-1000**

**ਬਲਵੀਰ ਸਰਪੰਚ 289-541-5384**

## ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :

**705-443-2556**

## BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005





- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333

27 Edvac Dr, Brampton, ON L6S 5X8

## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ


Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224




ਬੰਦੀਛੋੜ ਦਿਵਸ ਤੇ ਦੀਵਾਲੀ ਦੀਆਂ ਸਾਰਿਆਂ ਨੂੰ ਲੱਖ-ਲੱਖ ਵਧਾਈਆਂ !

KAMAL SANDHU
REAL ESTATE BROKER
647.891.0143
www.AreaRealtor.com



MULTI AWARD WINNER REALTOR SINCE 2013

RE/MAX GOLD REALTY INC. BROKERAGE
INDEPENDENTLY OWNED & OPERATED
100% PLATINUM

info@kamalsandhu.ca | Off: 905.456.1010

# ਅੰਮ੍ਰਿਤਸਰ ਦੀ ਦੀਵਾਲੀ ਦੀ ਵਿਲੱਖਣਤਾ

-ਰੂਪ ਸਿੰਘ-

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਦੇ ਵਰੋਸਾਏ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਦੀ ਆਪਣੀ ਮਹੱਤਤਾ, ਸ਼ਾਨ ਤੇ ਇਤਿਹਾਸਕ ਗੌਰਵ ਹੈ। ਏਸ਼ੀਆ ਮਹਾਂਦੀਪ ਦੇ ਪ੍ਰਮੁੱਖ ਧਾਰਮਿਕ-ਇਤਿਹਾਸਕ ਸ਼ਹਿਰ ਅੰਮ੍ਰਿਤਸਰ ਨੂੰ ਪੰਜਾਬ ਦਾ ਦਿਲ ਤੇ ਗੁਰਸਿੱਖਾਂ ਦੀ ਜਿੰਦ-ਜਾਨ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਅੰਮ੍ਰਿਤਸਰ ਸਿੱਖ ਧਰਮ ਦਾ ਕੇਂਦਰੀ ਸਥਾਨ, ਸਿੱਖ ਵਿਸ਼ਵਾਸਾਂ ਦਾ ਧੁਰਾ ਤੇ ਸਿੱਖ ਪ੍ਰੰਪਰਾਵਾਂ ਤੇ ਸਿੱਖ ਗੌਰਵ ਦੀ ਜੀਉਂਦੀ ਜਾਗਦੀ ਮਿਸਾਲ ਹੈ।

ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਦੀ ਸ਼ੁਰੂਆਤ ਕਰਾਈ ਤੇ ਗੁਰੂ ਅਰਜਨ ਦੇਵ ਜੀ ਨੇ ਇਸ ਸਰੋਵਰ ਨੂੰ ਸੰਪੂਰਨ ਤੇ ਪੱਕਾ ਕਰ ਕੇ ਵਿਚਕਾਰ 'ਹਰਿਮੰਦਰ' ਦਾ ਨਿਰਮਾਣ ਕਰਵਾਇਆ। ਅੰਮ੍ਰਿਤ ਸਰੋਵਰ ਅਤੇ ਹਰਿਮੰਦਰ ਦੀ ਸਿਰਜਣਾ ਦਾ ਉਦੇਸ਼ ਚਹੁੰ ਵਰਨਾਂ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦੇਣਾ ਸੀ। ਹਰਿਮੰਦਰ ਦੀ ਸਿਰਜਣਾ ਅਤੇ ਇਮਾਰਤ ਕਲਾ ਅਲੌਕਿਕ, ਅਨੂਠੀ ਤੇ ਵਿਲੱਖਣ ਹੈ। ਇਸੇ ਲਈ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਇਸ ਦੇ ਅਦੁੱਤੀ ਹੋਣ ਬਾਰੇ ਫੁਰਮਾਨ ਕਰਦੇ ਹਨ:

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥*
*ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ*
*(ਪੰਨਾ 1362)*

1604 ਨੂੰ ਗੁਰੂ ਅਰਜਨ ਦੇਵ ਜੀ ਨੇ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਤਿਆਰ ਕਰਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਤੇ ਬਾਬਾ ਬੁੱਢਾ ਜੀ ਨੂੰ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਥਾਪਿਆ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੇ ਕੇਂਦਰੀ ਅਸਥਾਨ ਦਾ ਨਿਰਮਾਣ ਕਰ ਕੇ ਅਤੇ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਤਿਆਰ ਕਰਕੇ ਸਿੱਖ ਧਰਮ ਨੂੰ ਪੱਕੇ ਪੈਰੀਂ ਕਰ ਦਿੱਤਾ। ਧਰਮ ਪ੍ਰਚਾਰ ਪ੍ਰਸਾਰ ਹਿੱਤ ਗੁਰੂ ਅਰਜਨ ਦੇਵ ਜੀ ਵੱਲੋਂ ਕੀਤੇ ਕਾਰਜਾਂ ਕਰਕੇ ਸਿੱਖ ਧਰਮ ਦਾ ਪ੍ਰਚਾਰ ਤੇ ਪਸਾਰ ਖੇਤਰ ਬਹੁਤ ਵਧ ਗਿਆ। ਸਿੱਖਾਂ ਦੀ ਆਪਣੀ ਹੋਂਦ ਤੇ ਹਸਤੀ ਪ੍ਰਤੱਖ ਦਿਖਾਈ ਦੇਣ ਲੱਗੀ। ਸਰਬ ਸਾਂਝੇ ਧਰਮ ਮੰਦਰ ਦੀ ਉਸਾਰੀ ਤੇ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਪ੍ਰਕਾਸ਼ ਹੋ ਜਾਣ ਨਾਲ ਬਹੁਤ ਸਾਰੇ ਹਿੰਦੂ, ਮੁਸਲਮਾਨ ਗੁਰੂ ਘਰ ਵੱਲ ਪ੍ਰੇਰਿਤ ਹੋਏ।

ਹਰ ਸਿੱਖ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਕਰਨੇ ਲੋਚਦਾ ਹੈ। ਹਰਿਮੰਦਰ ਸਾਹਿਬ ਕਿਸੇ ਵਿਅਕਤੀ ਵਿਸ਼ੇਸ਼ ਦੀ ਮਹਾਨਤਾ ਨੂੰ ਨਹੀਂ ਪ੍ਰਗਟਾਉਂਦਾ, ਸਗੋਂ ਇਹ ਪਰਮਾਤਮਾ ਦੀ ਏਕਤਾ, ਮਨੁੱਖੀ ਬਰਾਬਰਤਾ, ਸਰਬ-ਸਾਂਝੀਵਾਲਤਾ ਦਾ ਉਪਦੇਸ਼ ਸਮੁੱਚੀ ਮਾਨਵਤਾ ਨੂੰ ਦੇਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਵਿੱਚ ਸਤਿਗੁਰਾਂ ਦੇ ਗੁਰਪੁਰਬ, ਗੁਰਗੱਦੀ ਦਿਵਸ, ਜੋਤੀ ਜੋਤ ਸਮਾਉਣ ਦੇ ਦਿਹਾੜੇ, ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਦਿਵਸ ਤੇ ਗੁਰਗੱਦੀ ਦਿਵਸ ਮਨਾਏ ਜਾਂਦੇ ਹਨ। ਇਨ੍ਹਾਂ ਇਤਿਹਾਸਕ ਗੁਰਪੁਰਬਾਂ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਖਾਲਸੇ ਦਾ ਸਾਜਨਾ ਦਿਵਸ ਵਿਸਾਖੀ ਅਤੇ ਦੀਵਾਲੀ ਦਾ ਦਿਨ 'ਬੰਦੀ ਛੋੜ ਦਿਵਸ' ਦੇ ਰੂਪ ਵਿੱਚ ਪੰਥਕ ਤੌਰ 'ਤੇ ਮਨਾਇਆ ਜਾਂਦਾ ਹੈ।

'ਦੀਪਾਵਲੀ' ਸੰਸਕ੍ਰਿਤ ਮੂਲ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਦੀਵੇ ਜਗਾਉਣੇ, ਚਾਨਣ ਕਰਨਾ। ਇਹ ਚਾਨਣ ਕਿਸੇ ਖਾਸ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ। ਦੂਜੇ ਧਰਮਾਂ ਵਿੱਚ ਦੀਵਾਲੀ ਦੀਪ-ਪੂਜਾ ਤੇ ਲਕਸ਼ਮੀ-ਪੂਜਾ ਦੇ ਰੂਪ ਵਿੱਚ ਮਨਾਈ ਜਾਂਦੀ ਹੈ, ਪਰ ਸਿੱਖ ਇਹ ਦਿਹਾੜਾ ਆਪਣੇ ਗੌਰਵਮਈ ਵਿਰਸੇ ਨੂੰ ਯਾਦ ਕਰਨ ਲਈ ਮਨਾਉਂਦੇ ਹਨ। ਸਿੱਖ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੰਮ੍ਰਿਤਸਰ ਆਗਮਨ ਦੀ ਖੁਸ਼ੀ ਵਿੱਚ ਦੀਵੇ ਜਗਾਉਂਦੇ ਹਨ, ਰੌਸ਼ਨੀ ਕਰਦੇ ਤੇ ਆਪਣੇ ਸਤਿਗੁਰੂ ਨੂੰ ਸਤਿਕਾਰ ਭੇਟ ਕਰਦੇ ਹਨ। ਸਿੱਖਾਂ ਨੇ ਦੀਵਾਲੀ ਵਾਲੇ ਦਿਨ ਨੂੰ ਬੰਦੀ ਛੋੜ ਦਿਵਸ ਵਜੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਮਨਾਉਣਾ ਸ਼ੁਰੂ ਕਰ ਦਿੱਤਾ ਤੇ ਫਿਰ ਇਹ ਲੋਕ ਉਕਤੀ ਪ੍ਰਚੱਲਿਤ ਹੋ ਗਈ:

*'ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ।'*

ਇਤਿਹਾਸ ਅਨੁਸਾਰ ਮੁਗਲ ਸਰਕਾਰ ਆਰੰਭ ਤੋਂ ਹੀ ਸਿੱਖ ਪੱਖ ਦੇ ਵਿਰੁੱਧ ਸੀ। ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਸ਼ਕਤੀ ਨਹੀਂ ਸੀ ਭਾਉਂਦੀ। ਇਸੇ ਕਾਰਨ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦੀ ਦੇਣੀ ਪਈ ਸੀ। ਬਾਦਸ਼ਾਹ ਜਹਾਂਗੀਰ ਦਾ ਖਿਆਲ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਿੱਖ ਲਹਿਰ ਮੂਲੋਂ ਦੱਬ ਜਾਵੇਗੀ, ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨ ਕੇ, ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਕੇ ਤੇ ਚੰਗੇ ਘੋੜੇ ਤੇ ਬਸਤਰ ਭੇਟਾ ਹਿੱਤ ਲਿਆਉਣ ਲਈ ਹੁਕਮਨਾਮੇ ਜਾਰੀ ਕਰਕੇ ਸਪੱਸ਼ਟ ਕਰ ਦਿੱਤਾ ਕਿ ਸੱਚ ਦਾ ਚੰਦਰਮਾ ਜ਼ੁਲਮ ਦੀ ਸ਼ਕਤੀ ਨਾਲ ਢੱਕਿਆ ਨਹੀਂ ਗਿਆ, ਸਗੋਂ ਸੱਚ ਦਾ ਪ੍ਰਕਾਸ਼ ਕਰਨ ਲਈ ਹੋਰ ਚਮਕੇਗਾ।



ਜਹਾਂਗੀਰ ਕੋਲ ਇਹ ਖਬਰਾਂ ਪਹੁੰਚਣੀਆਂ ਸ਼ੁਰੂ ਹੋਈਆਂ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਕੇ ਹਥਿਆਰਬੰਦ ਸੈਨਾ ਤਿਆਰ ਕਰ ਲਈ ਤੇ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਕਹਾਉਣਾ ਸ਼ੁਰੂ ਕਰ ਦਿੱਤਾ ਹੈ। ਜਹਾਂਗੀਰ ਇਹ ਸਭ ਦੇਖ ਕੇ ਪ੍ਰੇਸ਼ਾਨ ਹੋ ਗਿਆ। ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ ਤੇ ਗਵਾਲੀਅਰ ਦੇ ਕਿਲ੍ਹੇ ਵਿੱਚ ਬੰਦੀ ਬਣਾ ਲਿਆ, ਜਿਥੇ ਪਹਿਲਾਂ ਹਿੰਦੂ ਰਾਜੇ ਬੰਦੀ ਬਣਾਏ ਹੋਏ ਸਨ। ਗੁਰੂ ਜੀ ਦੀ ਗ੍ਰਿਫਤਾਰੀ ਨਾਲ ਗੁਰੂ ਦੇ ਸਿੱਖਾਂ ਵਿੱਚ ਬੇਚੈਨੀ ਵਧ ਗਈ ਕਿ ਗੁਰੂ ਅਰਜਨ ਦੇਵ ਜੀ ਵਾਂਗ ਕਿਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਵੀ ਸ਼ਹੀਦ ਨਾ ਕਰ ਦਿੱਤਾ ਜਾਵੇ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਅਗਵਾਈ ਵਿੱਚ ਸੰਗਤਾਂ ਮਸ਼ਾਲਾਂ ਜਗਾ ਕੇ ਗੁਰਬਾਣੀ ਪੜ੍ਹਦਿਆਂ ਗੁਰੂ ਜੀ ਦੀ ਰਿਹਾਈ ਲਈ ਸ਼ਾਂਤਮਈ ਪ੍ਰਦਰਸ਼ਨ ਕਰਦੀਆਂ। ਸਿੱਖ ਸੰਗਤਾਂ ਵੱਲੋਂ ਹੋ ਰਹੇ ਸ਼ਾਂਤਮਈ ਪ੍ਰਦਰਸ਼ਨ ਤੇ ਸਾਈ ਮੀਆਂ ਮੀਰ ਵਰਗੇ ਇਨਸਾਫ ਪਸੰਦ ਮੁਸਲਮਾਨਾਂ ਦੇ ਦਖਲ ਨਾਲ ਗੁਰੂ ਸਾਹਿਬ ਦੀ ਰਿਹਾਈ ਸੰਭਵ ਹੋਈ। ਗੁਰੂ ਜੀ ਨੇ ਆਪਣੇ ਨਾਲ ਬੰਦੀ 52 ਰਾਜਿਆਂ ਨੂੰ ਵੀ ਬਾਦਸ਼ਾਹ ਦੀ ਕੈਦ ਤੋਂ ਮੁਕਤ ਕਰਵਾਇਆ, ਜਿਸ ਕਰਕੇ ਗੁਰੂ ਜੀ ਨੂੰ 'ਬੰਦੀ ਛੋੜ' ਕਿਹਾ ਜਾਣ ਲੱਗਾ।

ਰਿਹਾਈ ਪਿੱਛੋਂ ਜਦੋਂ ਗੁਰੂ ਜੀ ਅੰਮ੍ਰਿਤਸਰ ਪਹੁੰਚੇ ਤਾਂ ਗੁਰੂ ਦੇ ਸਿੱਖਾਂ ਨੇ ਘਿਉ ਦੇ ਦੀਵੇ ਜਗਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ। ਉਸ ਦਿਨ ਦੀਵਾਲੀ ਸੀ, ਭਾਵੇਂ ਕਿ ਸਿੱਖਾਂ ਦਾ ਦੀਵਾਲੀ ਦੇ ਪ੍ਰੰਪਰਾਗਤ ਤਿਉਹਾਰ ਨਾਲ ਕੋਈ ਸੰਬੰਧ ਨਹੀਂ, ਪਰ ਉਸ ਦਿਨ ਤੋਂ ਸਿੱਖ ਦੀਵਾਲੀ ਨੂੰ 'ਬੰਦੀ ਛੋੜ' ਦਿਵਸ ਵਜੋਂ ਮਨਾਉਣ ਲੱਗ ਪਏ। ਹਰ ਸਾਲ ਦੀਵਾਲੀ ਦੇ ਸਮੇਂ ਖਾਲਸਾ ਪੰਥ ਇਕੱਤਰ ਹੋ ਕੇ ਪੰਥਕ ਹਿੱਤਾਂ ਲਈ ਵਿਚਾਰਾਂ ਕਰਦਾ ਤੇ ਭਵਿੱਖ ਦੀਆਂ ਯੋਜਨਾਵਾਂ ਬਣਾਉਂਦਾ ਹੈ। ਇਨ੍ਹਾਂ ਇਕੱਤਰਤਾਵਾਂ ਨੂੰ 'ਸਰਬੱਤ ਖਾਲਸਾ' ਦਾ ਨਾਂ ਦਿੱਤਾ ਜਾਂਦਾ ਤੇ ਹੋਏ ਫੈਸਲਿਆਂ ਨੂੰ ਗੁਰਮਤਾ ਕਿਹਾ ਜਾਂਦਾ ਹੈ।

ਦੀਵਾਲੀ ਵਾਲੇ ਦਿਨ ਹਰਿਮੰਦਰ ਸਾਹਿਬ ਦੇ ਕੰਪਲੈਕਸ 'ਤੇ ਮੁਕੰਮਲ ਰੂਪ ਵਿੱਚ ਦੀਪਮਾਲਾ ਕੀਤੀ ਜਾਂਦੀ ਹੈ। ਸ਼ਰਧਾਲੂਆਂ ਵੱਲੋਂ ਸਰੋਵਰ ਦੇ ਕੰਢੇ ਜਗਾਏ ਹੋਏ ਦੀਵੇ ਤੇ ਮੋਮਬੱਤੀਆਂ ਤੇ ਦੀਪਮਾਲਾ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ। ਇਤਿਹਾਸਕ ਪੱਖੋਂ ਦੇਖਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੀਵਿਆਂ ਵਿੱਚ ਤੇਲ ਨਹੀਂ, ਕੌਮਾਂ ਨੂੰ ਰੋਸ਼ਨੀ ਦੇਣ ਲਈ 'ਸ਼ਹੀਦਾਂ ਦੀ ਚਰਬੀ' ਬਲ ਰਹੀ ਹੈ। ਦੀਵਿਆਂ ਦੀ ਰੋਸ਼ਨੀ ਵਿੱਚ ਹਰਿਮੰਦਰ ਸਾਹਿਬ ਵਿੱਚੋਂ ਇਹ ਨਾਦ ਗੂੰਜਦਾ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨਾ ਕੀਜੈ॥*
*(ਪੰਨਾ 1412)*

ਦੀਵਾਲੀ ਵਾਲੇ ਦਿਨ ਸ਼ਾਮ ਨੂੰ ਰਹਰਾਸਿ ਦੇ ਪਾਠ ਆਰੰਭ ਹੋਣ ਤੋਂ ਪਹਿਲਾਂ ਸੰਗਤਾਂ ਆਤਿਸ਼ਬਾਜ਼ੀ ਦਾ ਨਜ਼ਾਰਾ ਦੇਖਣ ਤੇ ਦਰਸ਼ਨੀ ਡਿਓੜੀ ਤੋਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੌਮ ਦੇ ਨਾਂ ਸੰਦੇਸ਼ ਸਰਵਣ ਕਰਨ ਲਈ ਜੁੜ ਬੈਠਦੀਆਂ ਹਨ। ਰਹਰਾਸਿ ਦੇ ਪਾਠ ਪਿੱਛੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਚਾਰ ਕੋਨਿਆਂ ਵਿੱਚੋਂ ਆਤਿਸ਼ਬਾਜ਼ੀ ਚੱਲਦੀ ਹੈ। ਮੱਸਿਆ ਦੀ ਕਾਲੀ ਰਾਤ ਵਿੱਚ ਜਗਦੇ ਦੀਵੇ ਜੀਵਨ ਦਾ ਰਾਹ ਦਿਖਾਉਂਦੇ ਹਨ। ਇਤਿਹਾਸਕ ਘਟਨਾਵਾਂ ਰੂਪਮਾਨ ਕਰਦੇ ਇਹ ਦੀਵੇ, ਸਾਨੂੰ ਪ੍ਰੇਰਨਾ ਤੇ ਉਤਸ਼ਾਹ ਬਖਸ਼ਦੇ ਹਨ।

ਸਤਿਗੁਰੂ ਦੇ ਹੁਕਮ ਵਿੱਚ ਚੱਲ ਕੇ ਹੀ ਗਿਆਨ ਦਾ ਪ੍ਰਕਾਸ਼ ਹੋ ਸਕਦਾ ਹੈ। ਲੋੜ ਹੈ ਮਨੁੱਖ ਦੇ ਮੱਸਿਆ ਰੂਪੀ ਜੀਵਨ ਦੀ ਰਾਤ ਵਿੱਚ ਗਿਆਨ ਰੂਪੀ ਦੀਵਾ ਬਾਲਣ ਦੀ। ਗੁਰੂ ਅਰਜਨ ਦੇਵ ਜੀ ਦੇ ਉਪਦੇਸ਼ ਅਨੁਸਾਰ:

*ਦੁਖੁ ਅੰਧੇਰਾ ਘਰ ਤੇ ਮਿਟਿਓ॥*
*ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ॥*

ਆਓ! ਗਿਆਨ ਰੂਪੀ ਦੀਵੇ ਨਾਲ ਆਪਣੇ ਅੰਦਰ ਪਸਰੇ ਕੂੜ ਦੇ ਹਨੇਰੇ ਨੂੰ ਦੂਰ ਕਰੀਏ, ਤਾਂ ਹੀ ਅਸੀਂ ਦੀਵਾਲੀ ਦੇ ਦੀਵਿਆਂ ਤੋਂ ਰੋਸ਼ਨੀ ਲੈ ਕੇ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਹੋ ਸਕਦੇ ਹਾਂ।

# ਬੋਲਣਾ ਵੀ ਇੱਕ ਕਲਾ ਹੈ

ਆਪਣੀਆਂ ਭਾਵਨਾਂਵਾਂ ਦਾ ਖੁਲਾਸਾ ਕਰ ਸਕਣਾ ਇੱਕ ਵਰਦਾਨ ਤੋਂ ਘੱਟ ਨਹੀਂ ਹੈ। ਇਹ ਵਰਦਾਨ ਮਨੁੱਖ ਜਾਤੀ ਦੀ ਝੋਲੀ ਪਿਆ ਹੈ।ਇਹ ਵਰਦਾਨ ਮਨੁੱਖ ਜਾਤੀ ਨੂੰ ਕੁਦਰਤ ਦੀ ਸਭ ਤੋਂ ਵੱਡੀ ਦੇਣ ਕਿਹਾ ਜਾਂਦਾ ਹੈ ਅਤੇ ਮੰਨਿਆ ਜਾਂਦਾ ਹੈ।ਵੈਸੇ ਤਾਂ ਕਈ ਢੰਗ ਹਨ ਖੁਲਾਸਾ ਕਰਨ ਦੇ ਜਿਵੇਂ ਬੋਲਣਾ, ਲਿਖਣਾ ਅਤੇ ਇਸ਼ਾਰੇ ਕਰਨੇ ਪਰੰਤੂ ਬੋਲਣਾ ਇਹਨਾਂ ਵਿਚੋਂ ਸਭ ਤੋਂ ਸੌਖਾ,ਸਰਲ ਅਤੇ ਝਟਪਟ ਹੋਣ ਵਾਲਾ ਉਪਾਅ ਹੈ।ਬੋਲਣਾ ਤਾਂ ਭਾਂਵੇ ਮਨੁੱਖ ਛੋਟੀ ਉਮਰੇ ਹੀ ਸਿਖ ਜਾਂਦਾ ਹੈ ਪਰ ਕੀ ਬੋਲਣਾ ਹੈ?,ਕਦੋਂ ਬੋਲਣਾ ਹੈ?,ਕਿੰਨਾ ਕੁ ਬੋਲਣਾ ਹੈ? ,ਕਿੱਥੇ ਬੋਲਣਾ ਹੈ ਅਤੇ ਕਿਸਤਰਾਂ ਬੋਲਣਾ ਹੈ? ਇਹ ਸਭ ਸਿਖਣ ਵਾਸਤੇ ਤਾਂ ਕਈ ਵਾਰ ਤਾਂ ਉਮਰ ਵੀ ਘੱਟ ਜਾਪਦੀ ਹੈ।

ਸਾਡੇ ਵੱਡੇ ਵੱਡੇਰਿਆਂ ਨੇ ਕੁਝ ਤੱਤ ਕੱਢੇ ਹਨ ਕਿ ਜਿਆਦਾ ਉੱਚੀ ਨਹੀਂ ਬੋਲਣਾ ਚਾਹੀਦਾ,ਆਰਾਮ ਨਾਲ ਬੋਲਣਾ ,ਮਿੱਠਾ ਬੋਲਣਾ,ਪਿਆਰ ਅਤੇ ਸਤਿਕਾਰ ਨਾਲ ਬੋਲਣਾ ਅਤੇ ਮੌਕਾ ਤੇ ਸਥਾਨ ਦੇਖ ਕੇ ਹੀ ਬੋਲਣਾ ਠੀਕ ਰਹਿੰਦਾ ਹੈ।ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ;ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤ ਅਤੇ ਨਾਨਕ ਫਿੱਕਾ ਬੋਲੀਏ ਤਨ ਮਨ ਫਿੱਕਾ ਹੋਏ।

ਇੱਕ ਅਖਾਉਤ ਹੈ ਕਿ ਬਾਣੀ ਅਤੇ ਬਾਣੇ ਤੋਂ ਹੀ ਮਨੁੱਖ ਦੀ ਸ਼ਖਸ਼ੀਅਤ ਪਹਿਚਾਣੀ ਜਾ ਸਕਦੀ ਹੈ।

ਬਾਣੇ ਦੇ ਕਪੜੇ ਦੀ ਚੋਣ ਤੋਂ ਸਮਾਜਿਕ ਰੁੱਤਬਾ ਅਤੇ ਸਿਵਾਈ ਦੀ ਚੋਣ ਤੋਂ ਮਾਨਸਿਕ ਸਥਿਤੀ ਦਾ ਅੰਦਾਜ਼ਾ ਲੱਗ ਜਾਂਦਾ ਹੈ ਅਤੇ ਬਾਣੀ ਦੇ ਸ਼ਬਦਾਂ ਦੀ ਚੋਣ ਤੇ ਉਚਾਰਣ ਦੇ ਢੰਗ ਦੀ ਚੋਣ ਨਾਲ ਸਬੰਧਤ ਪਰਿਵਾਰ ਦੇ ਸੰਸਕਾਰਾਂ ਦੀ ਝਲਕ ਪੈਂਦੀ ਹੈ।ਇਹ ਵੀ ਮੰਨਿਆ ਗਿਆ ਹੈ ਕਿ ਜ਼ਿਆਦਾ ਅਤੇ ਉੱਚੀ ਬੋਲਣ ਨਾਲ ਮਨੁੱਖ ਦੀ ਸੋਚਣ ਸ਼ਕਤੀ ਦੇ ਨਾਲ ਸਹਿਜਤਾ ਵੀ ਘੱਟ ਜਾਂਦੀ ਹੈ।

ਮਨੁੱਖ ਨੂੰ ਬੋਲਣ ਦੀ ਸ਼ੁਰੂਆਤ ਕਰਨ ਵਾਸਤੇ ਜਨਮ ਹੋਣ ਤੋਂ ਲੈਕੇ ਡੇਢ੍ਹ ਤੋਂ ਦੋ ਸਾਲ ਤੱਕ ਤਾਂ ਲੱਗ ਹੀ ਜਾਂਦੇ ਹਨ। ਇਹ ਸਮਾਂ ਨਿਸ਼ਚਤ ਨਹੀਂ ਹੈ ਇਸ ਵਿੱਚ ਵੱਖੋ ਵੱਖ ਇਨਸਾਨ ਖੁੱਦ ਤੇ ਇਨਸਾਨ ਦਾ ਮਾਹੌਲ ਸ਼ਾਮਿਲ ਹਨ।ਪਰਿਵਾਰ ਵਿੱਚ ਮੈਂਬਰਾਂ ਦੀ ਗਿਣਤੀ ਦੇ ਨਾਲ ਸੰਸਕਾਰ ਵੀ ਆਪਣਾ ਆਪਣਾ ਹਿੱਸਾ ਪਾਉਂਦੇ ਹਨ।

ਕਿਸੇ ਇਨਸਾਨ ਨੂੰ ਕਿੰਨਾਂ ਅਤੇ ਕਿਵੇਂ ਬੋਲਣਾ ਚਾਹੀਦਾ ਹੈ ਇਸ ਬਾਰੇ ਹਾਲੇ ਤੀਕ ਕੋਈ ਮਿਣਿਆ ਤੋਲਿਆ ਨਾਪ ਅਤੇ ਸਿਧਾਂਤ ਤਾਂ ਨਹੀਂ ਬਣਿਆ ਪਰ ਬਹੁਤੇ ਲੋਕਾਂ ਦਾ ਵਿਚਾਰ ਹੈ ਕਿ ਘੱਟ ਬੋਲਿਆ ਹੀ ਠੀਕ ਰਹਿੰਦਾ ਹੈ ਜਾਣੀ ਕੇ ਇੱਕ ਚੁਪ ਸੌ ਸੁੱਖ!ਪਰ ਮੇਰਾ ਨਿੱਜੀ ਵਿਚਾਰ ਹੈ ਕਿ ਚੁੱਪੀ ਦੀ ਵੀ ਕੋਈ ਸੀਮਾ ਹੋਣੀ ਚਾਹੀਦੀ ਹੈ ਕਿਉਂਕਿ ਬਹੁਤੀ ਚੁੱਪੀ ਦਾ ਵੀ ਕਈ ਵਾਰ ਨੁਕਸਾਨ ਹੋ ਜਾਂਦਾ ਹੈ।ਕਹਿਣ ਵਾਲੀ ਗਲ ਜੇ ਸਮੇਂ ਸਿਰ ਨਾ ਉਚਰੀ ਜਾਵੇ ਤਾਂ ਬਾਦ ਵਿੱਚ ਦੁੱਖ ਉਠਾਉਣਾ ਪੈ ਸਕਦਾ ਹੈ ਪਰ ਇਹ ਤਾਂ ਨਿਸ਼ਚਤ ਹੀ ਹੈ ਕਿ ਬਹੁਤਾ ਤੇ ਬੇਵਕਤ ਬੋਲਿਆ ਵਜਹ ਖਾਰਾਬ ਹੀ ਕਰਦਾ ਹੈ।ਸਭ ਨੂੰ ਯਾਦ ਹੀ ਹੋਵੇਗਿ ਮਹਾਂਭਾਰਤ ਦੀ ਕਹਾਣੀ ਵਿੱਚ ਦਰੋਪਦੀ ਦਾ ਕੌਰਵਾਂ ਦੇ ਖਿਲਾਫ ਬੋਲਿਆ ਕਿੰਨਾ ਭਾਰੀ ਪਿਆ ਸੀ।ਇੱਕ ਹੋਰ ਇਸ਼ਾਰਾ ਹੈ ਕਿ ਗੁੱਸੇ ਵਿੱਚ ਤਾਂ ਬੋਲਣ ਉੱਤੇ ਕਾਫ਼ੀ ਜਾਬਤਾ ਰੱਖਣਾ ਚਾਹੀਦਾ ਹੈ ਕਿਉਂਕਿ ਗੁੱਸਾਚੜ੍ਹਿਆ ਹੋਵੇ ਤਾਂ ਦਿਮਾਗ਼ ਉੱਤੇ ਅਗਿਆਨਤਾ ਦੇ ਬੱਦਲ ਛਾਏ ਹੁੰਦੇ ਹਨ ਉਸ ਨੂੰ ਬਿਲਕੁਲ ਹੀ ਧਿਆਨ ਨਹੀਂ ਰਹਿੰਦਾ ਕਿ ਉਹ ਕਿਸ ਨਾਲ ਕੀ, ਕਿੰਨਾ ਅਤੇ ਕਿਵੇਂ ਬੋਲ ਗਿਆ ਹੈ ।ਇਹ ਤਾਂ ਸਾਰੇ ਜਾਣਦੇ ਹਨ ਕਿ ਕਮਾਨ ਵਿਚੋਂ ਤੀਰ ਅਤੇ ਮੂੰਹ ਵਿਚੋਂ ਨਿਕਲੇ ਸ਼ਬਦ ਨਾ ਤਾਂ ਵਾਪਿਸ ਆਉਂਦੇ ਹਨ ਅਤੇ ਨਾ ਹੀ ਕੋਈ ਤਬਦੀਲੀ ਹੋ ਸਕਦੀ ਹੈ।ਮਨ ਦੇ ਜ਼ਖਮ ਰਾਜ਼ੀ ਹੋਣ ਤੇ ਤਨ ਦੇ ਜ਼ਖਮ ਠੀਕ ਹੋਣ ਦੇ ਸਮੇਂ ਵਿੱਚ ਬਹੁਤ ਅੰਤਰ ਹੈ। ਸਰੀਰਕ ਜ਼ਖਮ ਦੇ ਠੀਕ ਹੋ ਜਾਣ ਦਾ ਅੰਦਾਜ਼ਾ ਤਾਂ ਡਾਕਟਰ ਲਗਾ ਸਕਦੇ ਹਨ ਸ਼ਬਦਾਂ ਦੇ ਜ਼ਖਮ ਤਾਂ ਕਈ ਵਾਰ ਬੜੇ ਲੰਮੇ ਸਮੇਂ ਤੱਕ ਆਪਣਾ ਅਸਰ ਨਹੀਂ ਛੱਡਦੇ।ਦੋਵੇਂ ਧਿਰਾਂ ਵਿਚਕਾਰ ਝਿਜਕ ਦੀ ਕੰਧ ਉਸਰ ਜਾਂਦੀ ਹੈ ।ਮਿਲਣ ਗਿਲਣ ਤੋਂ ਜਾਂਦੇ ਰਹਿੰਦੇ ਹਨ ਖੁਸ਼ੀਆਂ ਗਮੀਆਂ ਵਿੱਚ ਸ਼ਾਮਿਲ ਹੋਣ ਤੋਂ ਅੱਖਾਂ ਚੁਰਾਉਣ ਲੱਗ ਜਾਂਦੇ ਹਨ। ਕਈ ਵਾਰ ਇਸ ਹਾਦਸੇ ਦੇ ਸ਼ਿਕਾਰ ਹੋਏ ਮਨੁੱਖ ਮਾਨਸਿਕ ਰੋਗੀ ਹੀ ਬਣ ਜਾਂਦੇ ਹਨ।



ਮੈਂ ਤਾਂ ਆਪਣੀ ਉਮਰ ਦੇ ਤਜ਼ੁਰਬੇ ਤੋਂ ਇਹੀ ਨਤੀਜਾ ਕੱਢਿਆ ਹੈ ਕਿ ਬੋਲਣਾ ਵੀ ਇੱਕ ਕਲਾ ਹੀ ਹੈ। ਕੁਝ ਲੋਕ ਇਸਤਰਾਂ ਬੋਲਦੇ ਹਨ ਕਿ ਦਿਲ ਕਰਦਾ ਹੈ ਕਿ ਉਹਨਾਂ ਨਾਲ ਗਲਾਂ ਕਰੀ ਜਾਈਏ,ਉਹ ਬੋਲਣ ਤੇ ਅਸੀਂ ਸੁਣਦੇ ਰਹੀਏ ਜਾਂ ਅਸੀਂ ਬੋਲੀਏ ਤੇ ਉਹ ਸੁਣਦੇ ਰਹਿਣ!ਪਰ ਕੁਝ ਲੋਕ ਇਸਤਰਾਂ ਬੋਲਦੇ ਹਨ ਦੋਬਾਰਾ ਗਲ ਕਰਨ ਨੂੰ ਜੀ ਹੀ ਨਹੀਂ ਕਰਦਾ।ਸੋ ਸਾਰ ਹੈ ਕਿ ਭਾਵੇਂ ਬੋਲਣ ਦਾ ਕੋਈ ਪੱਕਾ ਸਿਧਾਂਤ ਨਹੀਂ

ਹੈ ਪਰ ਇੱਕ ਅਖਾਉਤ ਹਮੇਸ਼ਾਂ ਜਹਿਨ ਵਿੱਚ ਰੱਖਣੀ ਚਾਹੀਦੀ ਹੈ:ਪਹਿਲਾਂ ਤੋਲੀਏ ਫਿਰ ਬੋਲੀਏ!

*-ਅਮਰਜੀਤ ਕੌਰ,*
*ਸੇਵਾ ਮੁਕਤ ਸਟੇਟ ਅਵਾਰਡੀ ਮੁੱਖ ਅਧਿਆਪਕਾ।*

# ਜੋ ਦਿੱਸਦਾ ਹੈ, ਉਹ ਹੁੰਦਾ ਨਹੀਂ


-ਡਾ. ਸੁਰੇਸ਼ ਕੁਮਾਰ ਮਿਸ਼ਰਾ-

ਇੱਕ ਬਹੁਤ ਵੱਡਾ ਵਪਾਰੀ ਰੋਜ਼ ਵਾਂਗ ਟਹਿਲਣ ਨਿਕਲਿਆ। ਟਹਿਲਦੇ-ਟਹਿਲਦੇ ਇੱਕ ਵੱਡਾ ਹਾਦਸਾ ਹੋਇਆ ਤੇ ਉਸ ਦੀ ਮੌਤ ਹੋ ਗਈ। ਚਿੱਤਰਗੁਪਤ ਦੇ ਆਦੇਸ਼ ਅਨੁਸਾਰ ਨਰਕ ਲੋਕ ਦੇ ਸਿਪਾਹੀ ਉਸ ਦੀ ਆਤਮਾ ਆਪਣੇ ਨਾਲ ਲਈ ਨਰਕ ਵੱਲ ਚੱਲ ਪਏ। ਰਸਤੇ ਵਿੱਚ ਸਵਰਗ ਲੋਕ ਦੇ ਸਿਪਾਹੀ ਉਸੇ ਆਤਮਾ ਦੇ ਲਈ ਨਰਕ ਲੋਕ ਦੇ ਸਿਪਾਹੀਆਂ ਨਾਲ ਭਿੜ ਪਏ। ਝਗੜਾ ਇੰਨਾ ਵਧ ਗਿਆ ਕਿ ਮਾਮਲਾ ਯਮਰਾਜ ਕੋਲ ਪਹੁੰਚਿਆ। ਯਮਰਾਜ ਨੇ ਦੋਵਾਂ ਧਿਰਾਂ ਦੀ ਬਹਿਸ ਸੁਣੀ। ਉਹ ਵੀ ਧਰਮ ਸੰਕਟ ਵਿੱਚ ਪੈ ਗਏ। ਆਖਰ ਵਿੱਚ ਵਪਾਰੀ ਉੱਤੇ ਹੀ ਕੋਈ ਇੱਕ ਪਾਸਾ ਨੂੰ ਚੁਣਨ ਦਾ ਭਾਰ ਛੱਡ ਦਿੱਤਾ ਗਿਆ। ਇਸ ਦੇ ਲਈ ਵਪਾਰੀ ਨੂੰ ਇੱਕ ਦਿਨ ਨਰਕ ਤੇ ਦੂਸਰੇ ਦਿਨ ਸਵਰਗ ਵਿੱਚ ਰਹਿਣ ਪਿੱਛੋਂ ਜਿਹੜਾ ਪਾਸਾ ਚੰਗਾ ਲੱਗਦਾ ਹੋਵੇ, ਉਥੇ ਰਹਿਣ ਦੀ ਖੁੱਲ੍ਹ ਦੇ ਦਿੱਤੀ ਗਈ।

ਯਮਰਾਜ ਦੇ ਫੈਸਲੇ ਦਾ ਪਾਲਣ ਕਰਦੇ ਹੋਏ ਨਰਕ ਲੋਕ ਦੇ ਸਿਪਾਹੀ ਵਪਾਰੀ ਨੂੰ ਸਭ ਤੋਂ ਪਹਿਲਾਂ ਨਰਕ ਲੋਕ ਲੈ ਗਏ। ਅੰਦਰ ਜਾਂਦੇ ਸਾਰ ਉਸ ਨੂੰ ਉਸ ਦੇ ਪੁਰਾਣੇ ਮਿੱਤਰ ਮਿਲ ਗਏ। ਹੈਰਾਨੀ ਦੀ ਗੱਲ ਸੀ ਕਿ ਨਰਕ ਲੋਕ ਇਕਦਮ ਧਰਤੀ ਲੋਕ ਵਰਗਾ ਸੀ। ਵਪਾਰੀ ਆਪਣੇ ਮਿੱਤਰਾਂ ਨਾਲ ਧਰਤੀ ਲੋਕ ਉੱਤੇ ਜਿੱਦਾਂ ਅੱਯਾਸ਼ੀ ਕਰਦਾ ਸੀ, ਠੀਕ ਉਸੇ ਤਰ੍ਹਾਂ ਦਾ ਮਾਹੌਲ ਇਥੇ ਸੀ। ਉਸ ਨੇ ਆਪਣੇ ਇੱਕ ਦਿਨ ਦਾ ਪੂਰਾ-ਪੂਰਾ ਮਜ਼ਾ ਲਿਆ। ਦੂਸਰੇ ਦਿਨ ਉਸ ਨੂੰ ਸਵਰਗ ਲੋਕ ਲਿਜਾਇਆ ਗਿਆ। ਉਥੇ ਵੀ ਉਸ ਦੇ ਕੁਝ ਮਿੱਤਰ, ਜੋ ਉਸ ਤੋਂ ਪਹਿਲਾਂ ਮਰ ਚੁੱਕੇ ਸਨ, ਬੈਠੇ ਸਨ। ਉਥੋਂ ਦੇ ਵਾਤਾਵਰਣ ਵਿੱਚ ਮਨੋਰਮ ਸ਼ਾਂਤ ਸੰਗੀਤ, ਪੂਜਾ-ਪਾਠ, ਭਜਨ-ਕੀਰਤਨ ਆਦਿ ਅਧਿਆਤਮਿਕ ਕਿਰਿਆ ਆਪਣੀ ਛਾਪ ਛੱਡ ਰਹੀਆਂ ਸਨ। ਵਪਾਰੀ ਦਾ ਪੂਰਾ ਦਿਨ ਪੂਜਾ-ਪਾਠ ਵਿੱਚ ਬੀਤਿਆ।

ਦੋ ਦਿਨਾਂ ਬਾਅਦ ਵਪਾਰੀ ਨੂੰ ਯਮਰਾਜ ਅੱਗੇ ਪੇਸ਼ ਕੀਤਾ ਤਾਂ ਵਪਾਰੀ ਧਰਮ ਸੰਕਟ ਵਿੱਚ ਸੀ। ਦੋਵੇਂ ਲੋਕਾਂ ਵਿੱਚ ਉਸ ਦੇ ਮਿੱਤਰ ਸਨ। ਉਹ ਕੀ ਕਰੇ ਤਾਂ ਕੀ ਕਰੇ? ਇਸ ਲਈ ਉਸ ਨੇ ਨਰਕ ਲੋਕ ਦੀ ਚੋਣ ਕੀਤੀ। ਉਸ ਨੂੰ ਇਸ ਗੱਲ ਦੀ ਅਤਿਅੰਤ ਖੁਸ਼ੀ ਸੀ ਕਿ ਧਰਤੀ ਲੋਕ ਅਤੇ ਨਰਕ ਲੋਕ ਵਿੱਚ ਕੋਈ ਫਰਕ ਨਹੀਂ ਹੈ। ਧਰਤੀ ਲੋਕ ਉੱਤੇ ਜਿਵੇਂ ਜ਼ਿੰਦਗੀ ਬਤੀਤ ਕਰਦਾ ਸੀ, ਉਸੇ ਤਰ੍ਹਾਂ ਦੀ ਜ਼ਿੰਦਗੀ ਇੱਥੇ ਬਤੀਤ ਕਰਨ ਦਾ ਉਸ ਨੂੰ ਮੌਕਾ ਮਿਲਿਆ। ਅਗਲੇ ਦਿਨ ਵਪਾਰੀ ਦੀ ਇੱਛਾ ਅਨੁਸਾਰ ਉਸ ਨੂੰ ਨਰਕ ਲੋਕ ਲਿਜਾਇਆ ਗਿਆ। ਉਥੇ ਦ੍ਰਿਸ਼ ਦੇਖ ਕੇ ਉਸ ਦੀਆਂ ਅੱਖਾਂ ਫਟੀਆਂ ਰਹਿ ਗਈਆਂ। ਉਸ ਨੇ ਦੇਖਿਆ ਕਿ ਨਰਕ ਦੇ ਪ੍ਰਵੇਸ਼ ਦੁਆਰ ਉੱਤੇ ਗੰਦਾ ਨਾਲਾ ਵਗ ਰਿਹਾ ਸੀ। ਕੱਲ੍ਹ ਤੱਕ ਜਿਹੜੇ ਮਿੱਤਰਾਂ ਨੇ ਚਮਕ-ਦਮਕ ਵਾਲੇ ਕੱਪੜਿਆਂ ਵਿੱਚ ਹੱਸਦੇ ਹੋਏ ਉਸ ਦਾ ਸਵਾਗਤ ਕੀਤਾ ਸੀ, ਅੱਜ ਉਹੀ ਗੰਦੇ ਕੱਪੜਿਆਂ ਵਿੱਚ ਰੋ-ਰੋ ਕੇ ਉਸ ਨੂੰ ਜਾਣ ਲਈ ਕਹਿ ਰਹੇ ਸਨ। ਸਿਰ ਉੱਤੇ ਬੋਝਾ ਢੋਣਾ, ਛੋਟੀ ਜਿਹੀ ਗਲਤੀ ਹੋਣ ਉੱਤੇ ਨਰਕ ਲੋਕ ਦੇ ਸਿਪਾਹੀਆਂ ਵੱਲੋਂ ਕੁੱਟ, ਇੱਥੇ ਲਈ ਆਮ ਦ੍ਰਿਸ਼ ਲੱਗਦਾ ਸੀ। ਵਪਾਰੀ ਨੂੰ ਲੱਗਾ ਕਿ ਉਸ ਨਾਲ ਧੋਖਾ ਹੋਇਆ ਹੈ। ਉਹ ਛਾਤੀ ਪਿੱਟ-ਪਿੱਟ ਕੇ ਰੋਣ ਅਤੇ ਚੀਕ-ਚੀਕ ਕੇ ਕਹਿ ਰਿਹਾ ਸੀ, "ਹੇ ਭਗਵਾਨ! ਇਹ ਕੀ ਹੋਇਆ? ਮੈਨੂੰ ਸਵਰਗ ਵਿੱਚ ਰਹਿਣ ਦਾ ਸੁਨਹਿਰਾ ਮੌਕਾ ਮਿਲਿਆ ਸੀ, ਪਰ ਮੈਂ ਨਰਕ ਲੋਕ ਦੀ ਝੂਠੀ ਤੜਕ-ਭੜਕ ਦੇ ਚੱਕਰ ਵਿੱਚ ਫਸ ਗਿਆ। ਮੈਂ ਕੀ ਕਰਾਂ? ਹਾਏ ਓਏ ਮੇਰੀ ਫੁੱਟੀ ਕਿਸਮਤ।" ਉਸ ਨੇ ਨਰਕ ਲੋਕ ਦੇ ਸਿਪਾਹੀਆਂ ਤੋਂ ਪੁੱਛਿਆ, "ਇਹ ਸਰਾਸਰ ਮੇਰੇ ਨਾਲ ਧੋਖਾ ਹੋਇਆ ਹੈ। ਤੁਸੀਂ ਜੋ ਨਰਕ ਕੱਲ੍ਹ ਤੱਕ ਦਿਖਾਇਆ ਸੀ, ਉਹ ਤੜਕ-ਭੜਕਦਾਰ ਸੀ, ਸਭ ਸਹੂਲਤਾਂ ਉਹੀ ਸਨ, ਅੱਜ ਇਕਦਮ ਉਲਟ ਦ੍ਰਿਸ਼।" ਉੱਤਰ ਵਿੱਚ ਨਰਕ ਲੋਕ ਦੇ ਸਿਪਾਹੀਆਂ ਨੇ ਕਿਹਾ, "ਉਹ ਤਾਂ ਅਸੀਂ ਤੁਹਾਨੂੰ ਆਕਰਸ਼ਿਤ ਕਰਨ ਲਈ ਨਰਕ ਲੋਕ ਦੀ ਪ੍ਰਮੋਸ਼ਨ ਕਰ ਰਹੇ ਸੀ। ਅੱਜ ਕੱਲ੍ਹ ਬਿਨਾਂ ਪ੍ਰਮੋਸ਼ਨ ਅਤੇ ਕੈਂਪੇਨਿੰਗ ਦੇ ਕੋਈ ਕਿਸੇ ਨੂੰ ਨਹੀਂ ਚੁਣਦਾ। ਉਸ ਨੂੰ ਤਾਂ ਝੂਠੇ-ਝੂਠੇ ਸੁਫਨੇ ਦਿਖਾ ਕੇ ਫਸਾਉਣਾ ਪੈਂਦਾ ਹੈ। ਤੁਸੀਂ ਉਸ ਪ੍ਰਮੋਸ਼ਨ ਦੀ ਚਕਾਚੌਂਧ ਵਿੱਚ ਧੋਖਾ ਖਾ ਗਏ।"

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8






CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰਮ ਅਤੇ 5 ਵਾਸ਼ਰਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੇਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਇਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ





8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

Dr. Randhawa Dentistry



Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
Squire Ellis Dr
Countryside Dr




## ਸੜਕ ਹਾਦਸੇ ਵਿੱਚ ਦੋ ਨੌਜਵਾਨਾਂ ਦੀ ਮੌਤ

ਡੇਹਲੋਂ, 28 ਅਕਤੂਬਰ (ਪੋਸਟ ਬਿਊਰੋ)- ਇੱਥੋਂ ਨਜ਼ਦੀਕੀ ਪਿੰਡ ਗੋਪਾਲਪੁਰ ਵਿਖੇ ਕੱਲ੍ਹ ਇੱਕ ਸੜਕ ਹਾਦਸੇ ਵਿੱਚ ਦੋ ਨੌਜਵਾਨਾਂ ਦੀ ਮੌਤ ਹੋ ਗਈ, ਜਿਨ੍ਹਾਂ ਦੀ ਪਛਾਣ ਮਿਥੁਨ ਕੁਮਾਰ ਪੁੱਤਰ ਅਜੈ ਪਾਸਵਾਨ, ਮਨਜੀਤ ਕੁਮਾਰ ਪੁੱਤਰ ਮਨੋਜ ਪਾਸਵਾਨ ਵਾਸੀ ਯੂ ਪੀ ਮੌਜੂਦਾ ਵਾਸੀ ਨਜ਼ਦੀਕ ਰੇਲਵੇ ਸਟੇਸ਼ਨ ਪਿੰਡ ਕਿਲ੍ਹਾ ਰਾਏਪੁਰ, ਜ਼ਿਲ੍ਹਾ ਲੁਧਿਆਣਾ ਵਜੋਂ ਹੋਈ ਹੈ। ਇਸ ਸੰਬੰਧ ਵਿੱਚ ਪੁਲਸ ਲੋੜੀਂਦੀ ਕਾਰਵਾਈ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਗੋਪਾਲਪੁਰ ਵਿਖੇ ਲੁਧਿਆਣਾ-ਮਲੇਰਕੋਟਲਾ ਹਾਈਵੇ ਉੱਤੇ ਰੰਗੀ ਹਸਪਤਾਲ ਦੇ ਨੇੜੇ ਮਲੇਰਕੋਟਲਾ ਸਾਈਡ ਤੋਂ ਆਈ ਬਰੀਜ਼ਾ ਕਾਰ ਵਿੱਚ ਸਵਾਰ ਭੈਣ-ਭਰਾ ਲੁਧਿਆਣਾ ਵਿਖੇ ਪੇਪਰ ਦੇਣ ਜਾ ਰਹੇ ਸਨ। ਜਦੋਂ ਉਕਤ ਕਾਰ ਗੋਪਾਲਪੁਰ ਵਿਖੇ ਪਹੁੰਚੀ ਤਾਂ ਡੇਹਲੋਂ ਵਾਲੀ ਸਾਈਡ ਵੱਲੋਂ ਆ ਰਹੀ ਜ਼ੈਨ ਕਾਰ ਸੜਕ ਉੱਤੇ ਖੜ੍ਹੇ ਪਾਣੀ ਵਿੱਚੋ ਲੰਘੀ ਤਾਂ ਗੰਦਾ ਪਾਣੀ ਬਰੀਜ਼ਾ ਕਾਰ ਦੇ ਸ਼ੀਸ਼ੇ ਉੱਤੇ ਪੈ ਗਿਆ, ਜਿਸ ਕਾਰਨ ਕਾਰ ਦਾ ਡਰਾਈਵਰ ਆਪਣਾ ਸੰਤੁਲਨ ਗੁਆ ਬੈਠਾ। ਪਹਿਲਾਂ ਉਸ ਨੇ ਜ਼ੈਨ ਕਾਰ ਨੂੰ ਟੱਕਰ ਮਾਰੀ, ਜਿਸ ਜ਼ੈਨ ਕਾਰ ਪਲਟ ਗਈ ਅਤੇ ਸੜਕ ਪਾਰ ਕਰਨ ਲਈ ਫੁੱਟਪਾਥ ਉੱਤੇ ਖੜ੍ਹੇ ਦੋਵਾਂ ਨੌਜਵਾਨਾਂ ਨੂੰ ਲਪੇਟ ਵਿੱਚ ਲੈ ਲਿਆ। ਇੱਕ ਨੌਜਵਾਨ ਨੇ ਇਲਾਜ ਦੌਰਾਨ ਦਮ ਤੋੜ ਦਿੱਤਾ। ਇਸ ਮੌਕੇ ਹਾਜ਼ਰ ਲੋਕਾਂ ਨੇ ਦੱਸਿਆ ਕਿ ਸੜਕ ਦੇ ਕਿਨਾਰੇ ਖੜ੍ਹੇ ਮੀਂਹ ਦੇ ਪਾਣੀ ਕਾਰਨ ਇਹ ਹਾਦਸਾ ਹੋਇਆ ਹੈ।

## ਮੁੱਖ ਮੰਤਰੀ ਚੰਨੀ ਨੇ ਕਿਹਾ: ਪਟਾਕੇ ਵੇਚਣ ਉਤੇ ਪਾਬੰਦੀ ਨਹੀਂ

ਲੁਧਿਆਣਾ, 28 ਅਕਤੂਬਰ (ਪੋਸਟ ਬਿਊਰੋ)- ਪੰਜਾਬ ਵਿੱਚ ਪ੍ਰਦੂਸ਼ਣ ਫੈਲਾਉਂਦੇ ਪਟਾਕਿਆਂ ਦੀ ਵਿਕਰੀ ਉੱਤੇ ਪਾਬੰਦੀ ਲਾਉਣ ਅਤੇ ਸਿਰਫ ਗ੍ਰੀਨ ਪਟਾਕੇ ਚਲਾਉਣ ਦੇ ਹੁਕਮ ਦੇਣ ਉੱਤੇ ਸੂਬਾ ਸਰਕਾਰ ਨੇ 24 ਘੰਟੇ ਵਿੱਚ ਯੂ-ਟਰਨ ਲੈ ਲਿਆ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੈਬਨਿਟ ਬੈਠਕ ਦੇ ਬਾਅਦ ਇੱਥੇ ਮੀਡੀਆ ਨਾਲ ਗੱਲ ਕਰਦੇ ਹੋਏ ਸਪੱਸ਼ਟ ਕੀਤਾ ਹੈ ਕਿ ਸੂਬੇ ਵਿੱਚ ਪਟਾਕੇ ਵੇਚਣ ਉੱਤੇ ਪਾਬੰਦੀ ਨਹੀਂ ਰਹੇਗੀ।



ਇਸ ਮੌਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਉਨ੍ਹਾਂ ਨੇ ਖੁਦ ਪਟਾਕੇ ਵੇਚੇ ਹਨ ਤੇ ਉਹ ਵਪਾਰੀਆਂ ਦੇ ਦਰਦ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਉਨ੍ਹਾਂ ਕਿਹਾ ਕਿ ਉਹ ਦੀਵਾਲੀ ਵਿੱਚ ਪਟਾਕੇ ਵੇਚ ਕੇ ਪੜ੍ਹਾਈ ਲਈ ਪੂਰੇ ਸਾਲ ਦੀ ਫੀਸ ਕੱਢ ਲਿਆ ਕਰਦੇ ਸਨ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰਦੂਸ਼ਣ ਨੂੰ ਲੈ ਕੇ ਸੁਪਰੀਮ ਕੋਰਟ ਦੇ ਹੁਕਮਾਂ ਦਾ ਪਾਲਣ ਕੀਤਾ ਜਾਏਗਾ, ਪਰ ਵਿਭਾਗੀ ਅਫਸਰ ਵਪਾਰੀਆਂ ਨੂੰ ਤੰਗ ਨਹੀਂ ਕਰਨਗੇ। ਵਰਨਣ ਯੋਗ ਹੈ ਕਿ ਬੀਤੇ ਦਿਨੀਂ ਸੂਬੇ ਦੇ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਨੇ ਹੁਕਮ ਜਾਰੀ ਕਰ ਕੇ ਪ੍ਰਦੂਸ਼ਣ ਫੈਲਾਉਣ ਵਾਲੇ ਪਟਾਕਿਆਂ ਦੀ ਵਿਕਰੀ ਉੱਤੇ ਪਾਬੰਦੀ ਲਾ ਦਿੱਤੀ ਸੀ, ਜਿਸ ਕਾਰਨ ਸੂਬੇ ਵਿੱਚ ਵਪਾਰੀ ਪ੍ਰੇਸ਼ਾਨ ਵੀ ਸਨ ਅਤੇ ਸਰਕਾਰ ਤੋਂ ਨਾਰਾਜ਼ ਵੀ ਸਨ।ਵਪਾਰੀ ਪਹਿਲਾਂ ਹੀ ਪਟਾਕਿਆਂ ਦਾ ਆਰਡਰ ਦੇ ਚੁੱਕੇ ਹਨ ਅਤੇ ਇਸ ਪਾਬੰਦੀ ਨਾਲ ਉਨ੍ਹਾਂ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋ ਜਾਂਦਾ ਹੈ। ਇਸਲਈ ਵਪਾਰੀ ਵਰਗ ਨੂੰ ਪਟਾਕਿਆਂ ਦੀ ਵਿਕਰੀ ਲਈ ਸੂਬਾ ਸਰਕਾਰ ਲਈ ਨਵੇਂ ਹੁਕਮਾਂ ਦਾ ਇੰਤਜ਼ਾਰ ਹੈ।

## ਸਾਬਕਾ ਮੰਤਰੀ ਮਲਕੀਤ ਸਿੰਘ ਬੀਰਮੀ ਨੇ ਚੋਣਾਂ ਮੌਕੇ ਨਵੀਂ ਪਾਰਟੀ ਦੀ ਮੋਹੜੀ ਗੱਡੀ

* ਪੰਜਾਬ ਦੀਆਂ ਸਾਰੀਆਂ 117 ਸੀਟਾਂ ਉੱਤੇ ਉਮੀਦਵਾਰ ਖੜੇ ਕਰਨਗੇ

ਚੰਡੀਗੜ੍ਹ, 28 ਅਕਤੂਬਰ (ਪੋਸਟ ਬਿਊਰੋ)- ਅਗਲੇ ਸਾਲ ਹੋਣ ਵਾਲੀਆਂਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਿਸਮਤ ਅਜਮਾਉਣ ਲਈ ਜੋੜ-ਤੋੜ, ਦੂਸ਼ਣਬਾਜ਼ੀ ਤੇ ਨਵੀਆਂ ਸਿਆਸੀ ਪਾਰਟੀਆਂ ਦਾ ਸਿਲਸਿਲਾਚੱਲ ਪਿਆ ਹੈ।

ਕਰੀਬ 30 ਸਾਲ ਪਹਿਲਾਂ ਮੁੱਖ ਮੰਤਰੀ ਬੇਅੰਤ ਸਿੰਘ ਦੀ ਕਾਂਗਰਸ ਸਰਕਾਰ ਵਿੱਚ ਮੰਤਰੀ ਰਹਿ ਚੁੱਕੇ ਅਤੇ ਤਿੰਨ ਵਾਰੀਆਂ ਦੇ ਸਾਬਕਾ ਵਿਧਾਇਕ ਮਲਕੀਤ ਸਿੰਘ ਬੀਰਮੀ ਨੇ 35 ਜਥੇਬੰਦੀਆਂ ਜੋੜ ਕੇ 'ਪੰਜਾਬ ਲੋਕ ਹਿਤ ਪਾਰਟੀ' ਬਣਾ ਧਰੀ ਅਤੇ ਇਸ ਵਿੱਚ 12 ਜ਼ਿਲ੍ਹਿਆਂ ਅੰਮ੍ਰਿਤਸਰ, ਜਲੰਧਰ, ਮੋਗਾ, ਲੁਧਿਆਣਾ, ਕਪੂਰਥਲਾ, ਪਟਿਆਲਾ, ਗੁਰਦਾਸਪੁਰ, ਫ਼ਰੀਦਕੋਟ, ਬਠਿੰਡਾ, ਸੰਗਰੂਰ, ਤਰਨਤਾਰਨ ਅਤੇ ਮੋਹਾਲੀ ਵਿੱਚੋਂ ਵੱਖ-ਵੱਖ ਪਛੜੇ ਵਰਗਾਂ ਦੀਆਂ 35 ਜਥੇਬੰਦੀਆਂ ਨੂੰ ਜੋੜ ਲਿਆ ਹੈ। ਮਲਕੀਤ ਸਿੰਘ ਬੀਰਮੀ ਖ਼ੁਦ ਇਸ ਦੇ ਪ੍ਰਧਾਨ ਬਣੇ ਅਤੇ9 ਉਪ ਪ੍ਰਧਾਨ, ਪੰਜ ਜਨਰਲ ਸਕੱਤਰ ਅਤੇ 15 ਸੈਕਟਰੀ ਥਾਪੇ ਹਨ। ਇਸ ਨਵੀਂ ਬਣੀ ਪਾਰਟੀ ਵਿੱਚ ਬੀ ਸੀ ਏਕਤਾ ਮੋਰਚਾ, ਓ ਬੀ ਸੀ ਸਾਂਝਾ ਮੋਰਚਾ, ਪ੍ਰਜਾਪਤ ਸਭਾ, ਲੁਬਾਣਾ ਫ਼ੈਡਰੇਸ਼ਨ, ਕਸ਼ਅਪ ਰਾਜਪੂਤ ਸਭਾਅਤੇ ਰਾਮਗੜ੍ਹੀਆ ਜਥੇਬੰਦੀਆਂ ਨੂੰ ਸ਼ਾਮਲ ਕੀਤਾ ਗਿਆ ਹੈ।



ਕੱਲ੍ਹ ਏਥੇ ਪ੍ਰੈਸ ਕਾਨਫ਼ਰੰਸ ਵਿੱਚ ਮਲਕੀਤ ਸਿੰਘ ਬੀਰਮੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਸਾਰੀਆਂ 117 ਸੀਟਾਂਦੇ ਲਈ ਇਸ ਪਾਰਟੀ ਵੱਲੋਂ ਉਮੀਦਵਾਰ ਖੜੇ ਕੀਤੇ ਜਾਣਗੇ। ਉਨ੍ਹਾ ਕਿਹਾ ਕਿ ਇਸ ਪਾਰਟੀ ਲਈ ਵਿਦੇਸ਼ਾਂ ਵਿਚਲੇ ਦੋਸਤਾਂ ਤੋਂ ਫ਼ੰਡ ਲਏ ਜਾਣਗੇ। ਇਸ ਦੌਰਾਨ ਅਗਲੇ ਸਾਲ ਪੰਜ ਕੋਨਾ ਮੁਕਾਬਲਿਆਂ ਵਿੱਚ ਨਵੀਂ ਆਪਣੀ ਪਾਰਟੀ ਨੂੰ ਸਫ਼ਲਤਾ ਬਾਰੇ ਸਾਬਕਾ ਮੰਤਰੀ ਬੀਰਮੀ ਨੇ ਕਿਹਾ ਕਿ ਜੇ ਸੱਤਾ ਵਿੱਚ ਆਏ ਤਾਂ ਪਿਛੜਾ ਵਰਗ ਸਮੇਤ ਉਚ ਜਾਤੀ ਵਿੱਚੋਂ ਗਰੀਬ ਤਬਕੇ ਨੂੰ ਬਣਦਾ ਮਾਣ ਸਤਿਕਾਰ ਮਿਲੇਗਾ ਅਤੇ ਵਿਕਾਸ ਕਾਰਜਾਂ ਦਾ ਲਾਭ ਉਨ੍ਹਾਂ ਨੂੰ ਵੀ ਮਿਲੇਗਾ। ਕਾਂਗਰਸ, ਅਕਾਲੀ ਦਲ ਤੇ 'ਆਪ' ਨਾਲ ਕਿਸੇ ਚੋਣ ਸਮਝੌਤੇ ਬਾਰੇ ਪੁੱਛੇ ਸਵਾਲ ਉੱਤੇ ਉਨ੍ਹਾਂ ਦੱਸਿਆ ਕਿ ਆਉਂਦੇ ਦਿਨਾਂ ਵਿੱਚ ਇਸ ਬਾਰੇ ਪਾਰਟੀ ਅਹੁਦੇਦਾਰਾਂ ਨਾਲ ਵਿਚਾਰ ਕੀਤਾ ਜਾਵੇਗਾ।

## ਬੇਅਦਬੀ ਕਾਂਡ ਵਾਲੇ ਪੋਸਟਰ ਡੇਰਾ ਸਿਰਸਾ ਪ੍ਰੇਮੀਆਂ ਵੱਲੋਂ ਲਿਖੇ ਹੋਣ ਦੀ ਪੁਸ਼ਟੀ

ਫਰੀਦਕੋਟ, 28 ਅਕਤੂਬਰ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਪਿੰਡ ਵਿੱਚ ਲਾਏ ਗਏ ਇਤਰਾਜ਼ਯੋਗ ਪੋਸਟਰਾਂ ਦੀ ਲਿਖਾਈ ਡੇਰਾ ਪ੍ਰੇਮੀਆਂ ਦੀ ਹੱਥ ਲਿਖਤ ਨਾਲ ਮੇਲ ਖਾ ਗਈ ਹੈ। ਫੋਰੈਂਸਿਕ ਲੈਬਾਰਟਰੀ ਨੇ ਸੀਲਡ ਰਿਪੋਰਟ ਅਦਾਲਤ ਵਿੱਚ ਪੇਸ਼ ਕੀਤੀ ਹੈ। ਇਸ ਰਿਪੋਰਟ ਦੇ ਜਨਤਕ ਹੋਣ ਨਾਲ ਸੀ ਬੀ ਆਈ ਦਾ ਦਾਅਵਾ ਰੱਦ ਹੋ ਗਿਆ ਹੈ, ਜਿਸ ਵਿੱਚ ਸੀ ਬੀ ਆਈ ਨੇ ਕਿਹਾ ਸੀ ਕਿ ਇਤਰਾਜ਼ਯੋਗ ਪੋਸਟਰ ਡੇਰਾ ਪ੍ਰੇਮੀਆਂ ਵੱਲੋਂ ਨਹੀਂ ਲਿਖੇ ਗਏ। ਜਾਂਚ ਟੀਮ ਦਾ ਦਾਅਵਾ ਸੀ ਕਿ ਇਤਰਾਜ਼ਯੋਗ ਪੋਸਟਰ ਡੇਰਾ ਪ੍ਰੇਮੀਆਂ ਨੇ ਹੀ ਲਾਏ ਸਨ ਅਤੇ ਇਸ ਬਾਰੇ ਉਨ੍ਹਾਂ ਉਹ ਗਵਾਹ ਵੀ ਲੱਭ ਲਏ ਹਨ ਜਿਨ੍ਹਾਂ ਕੋਲੋਂ ਪੋਸਟਰ ਅਤੇ ਸਕੈਚ ਪੈਨ ਖਰੀਦੇ ਗਏ ਸਨ। ਫੋਰੈਂਸਿਕ ਲੈਬਾਰਟਰੀ ਵੱਲੋਂ ਅਦਾਲਤ ਵਿੱਚ ਪੇਸ਼ ਕੀਤੀ ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਕਿ ਜਿਹੜੇ ਪੋਸਟਰ ਜਾਂਚ ਟੀਮ ਨੇ ਬਰਾਮਦ ਕੀਤੇ ਸਨ, ਉਨ੍ਹਾਂ ਦੀ ਲਿਖਾਈ ਡੇਰਾ ਪ੍ਰੇਮੀਆਂ ਦੀ ਹੱਥ ਲਿਖਤ ਨਾਲ ਮੇਲ ਖਾਂਦੀ ਹੈ। ਇਤਰਾਜ਼ਯੋਗ ਪੋਸਟਰ ਲਾਉਣ ਦੇ ਕੇਸ ਵਿੱਚ ਵਿਸ਼ੇਸ਼ ਜਾਂਚ ਟੀਮ ਨੂੰ ਇਹ ਅੱਜ ਤਕ ਦੀ ਸਭ ਤੋਂ ਵੱਡੀ ਕਾਮਯਾਬੀ ਮਿਲੀ ਹੈ। ਇਸ ਕੇਸ ਵਿੱਚ ਛੇ ਡੇਰਾ ਪ੍ਰੇਮੀਆਂ ਖਿਲਾਫ ਚਲਾਨ ਪਹਿਲਾਂ ਅਦਾਲਤ ਵਿੱਚ ਪੇਸ਼ ਹੋ ਚੁੱਕਿਆ ਹੈ। ਜੁਡੀਸ਼ਲ ਮੈਜਿਸਟਰੇਟ ਤਰਜਨੀ ਨੇ ਫੋਰੈਂਸਿਕ ਲੈਬਾਰਟਰੀ ਦੀ ਰਿਪੋਰਟ ਦੀ ਕਾਪੀ ਡੇਰਾ ਪ੍ਰੇਮੀਆਂ ਨੂੰ ਦੇਣ ਦੇ ਹੁਕਮ ਦਿੱਤੇ ਹਨ। ਅਗਲੀ ਸੁਣਵਾਈ 12 ਨਵੰਬਰ ਨੂੰ ਕੀਤੀ ਜਾਵੇਗੀ।

## ਸ਼੍ਰੀਨਗਰ ਗਈ ਫਲਾਈਟ ਬਿਨਾਂ ਲੈਂਡ ਕੀਤਿਆਂ ਵਾਪਸ ਮੁੜੀ

ਜਲੰਧਰ, 28 ਅਕਤੂਬਰ (ਪੋਸਟ ਬਿਊਰੋ)- ਅਕਸਰ ਯਾਤਰੀਆਂ ਨੂੰ ਬੱਸਾਂ, ਟ੍ਰੇਨਾਂ ਅਤੇ ਫਲਾਈਟਾਂ ਲੇਟ ਹੋਣ ਦੇ ਕਾਰਨ ਪਰੇਸ਼ਾਨੀ ਉਠਾਉਣੀ ਪੈਂਦੀ ਹੈ, ਪਰ ਇੱਕ ਫਲਾਈਟ ਸਮੇਂ ਤੋਂ ਪਹਿਲਾਂ ਮੰਜ਼ਿਲ ਤਕ ਪਹੁੰਚ ਗਈ, ਜਿਸ ਦਾ ਖਾਮਿਆਜ਼ਾ ਯਾਤਰੀਆਂ ਨੂੰ ਭੁਗਤਨਾ ਪਿਆ। ਇਹ ਕਾਰਨਾਮਾ ਇੰਡੀਗੋ ਏਅਰਲਾਈਨ ਦਾ ਹੈ।

ਕੱਲ੍ਹ ਬਾਅਦ ਦੁਪਹਿਰ ਇੱਕ ਵਜੇ ਸ਼੍ਰੀਨਗਰ ਲਈ ਨਿਕਲੀ ਫਲਾਈਟ ਬਿਨਾਂ ਲੈਂਡ ਕੀਤੇ ਯਾਤਰੀਆਂ ਨਾਲ ਵਾਪਸ ਅੰਮ੍ਰਿਤਸਰ ਪਹੁੰਚ ਗਈ। ਪਤਾ ਲੱਗਾ ਹੈ ਕਿ ਕੱਲ੍ਹ ਅੰਮ੍ਰਿਤਸਰ ਦੇ ਸ਼੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਏਅਰਪੋਰਟ ਤੋਂ ਇੰਡੀਆ ਦੀ ਇੱਕ ਫਲਾਇਟ ਨੇ ਸ਼੍ਰੀਨਗਰ ਲਈ ਇੱਕ ਵਜ ਕੇ 20 ਮਿੰਟ ਉੱਤੇਜਾਣਾ ਸੀ, ਪਰ ਇਹ ਫਲਾਈਟ ਇੱਕ ਵਜੇ ਹੀ ਰਵਾਨਾ ਹੋ ਗਈ। ਇਸ ਕਾਰਨ ਸ਼੍ਰੀਨਗਰ ਏਅਰਪੋਰਟ ਅਥਾਰਿਟੀ ਨੇ ਫਲਾਈਟ ਲੈਂਡ ਨਹੀਂ ਕਰਨ ਦਿੱਤੀ, ਜਿਸ ਕਾਰਨ ਦੁਬਾਰਾ ਅੰਮ੍ਰਿਤਸਰ ਵਾਪਸ ਆਉਣਾ ਪਿਆ।

## 11ਵੀਂ ਵਿੱਚ ਪੜ੍ਹਦੇ ਪੋਤੇ ਵੱਲੋਂ ਗੰਡਾਸੀ ਨਾਲ ਦਾਦੇ-ਦਾਦੀ ਦਾ ਕਤਲ

ਸਮਰਾਲਾ, 28 ਅਕਤੂਬਰ (ਪੋਸਟ ਬਿਊਰੋ)- ਸਮਰਾਲੇਨੇੜੇ ਪਿੰਡ ਲੱਲ ਕਲਾਂ ਵਿਖੇ 11ਵੀਂ ਵਿੱਚ ਪੜ੍ਹਦੇ ਨਾਬਾਲਗ ਪੋਤੇ ਨੇ ਇੱਕ ਕਮਰੇ ਖਾਤਰ ਆਪਣੇ ਦਾਦਾ-ਦਾਦੀ ਦਾ ਗੰਡਾਸੀ ਨਾਲ ਕਤਲ ਕਰ ਦਿੱਤਾ। ਮ੍ਰਿਤਕਾਂ ਦੀ ਸ਼ਨਾਖਤ ਦਰਸ਼ਨ ਸਿੰਘ (75) ਅਤੇ ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ (73) ਵਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਮਕਾਨ ਦੇ ਇੱਕ ਕਮਰੇ ਵਿੱਚ ਬਜ਼ੁਰਗ ਜੋੜਾ ਰਹਿੰਦਾ ਸੀ ਅਤੇ ਇਸੇ ਮਕਾਨ ਦੇ ਦੂਜੇ ਕਮਰੇ ਵਿੱਚ ਉਨ੍ਹਾਂ ਦਾ ਪੁੱਤ ਪਰਵਾਰ ਨਾਲ ਰਹਿੰਦਾ ਸੀ। ਮਕਾਨ ਦਾ ਝਗੜਾ ਚੱਲਦਾ ਸੀ। ਕੱਲ੍ਹ 11ਵੀਂ ਵਿੱਚ ਪੜ੍ਹਦਾ ਪੋਤਾ ਮਨਪ੍ਰੀਤ ਸਿੰਘ ਆਇਆ। ਉਸ ਨੇ ਕਮਰੇ ਅੰਦਰ ਦਾਦਾ-ਦਾਦੀ ਨੂੰ ਬੰਦ ਕਰ ਦਿੱਤਾ ਤੇ ਗੰਡਾਸੀ ਨਾਲ ਹਮਲਾ ਕਰਕੇ ਦੋਨਾਂ ਦਾ ਕਤਲ ਕਰ ਦਿੱਤਾ। ਇਸ ਮਗਰੋਂ ਫਰਾਰ ਹੋ ਗਿਆ।ਡੀ ਐਸ ਪੀ ਹਰਵਿੰਦਰ ਸਿੰਘ ਖਹਿਰਾ ਨੇ ਦੱਸਿਆ ਕਿ ਕਤਲ ਕਰਨ ਮਗਰੋਂ ਮਨਪ੍ਰੀਤ ਸਿੰਘ ਨੇ ਖੁਦ ਫ਼ੋਨ ਕਰਕੇ ਇਸ ਦੀ ਸੂਚਨਾ ਦਿੱਤੀ।






## ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ 8 ਨਵੰਬਰ ਨੂੰ ਹੋਵੇਗਾ

ਲੁਧਿਆਣਾ, 28 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਸਰਕਟ ਹਾਊਸ ਵਿਖੇ ਸੱਦੀ ਗਈ ਕੈਬਨਿਟ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਕਈ ਅਹਿਮ ਫ਼ੈਸਲੇ ਲਏ ਗਏ। ਇਸ ਮੌਕੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ 8 ਨਵੰਬਰ ਨੂੰ ਸੱਦਣ ਦਾ ਫ਼ੈਸਲਾ ਕੀਤਾ ਗਿਆ ਹੈ, ਜਿਸ ਵਿੱਚ ਸੀਮਾ ਸੁਰੱਖਿਆ ਬਲ (ਬੀ ਐਸ ਐਫ) ਦਾ ਅਧਿਕਾਰ ਖੇਤਰ 15 ਤੋਂ ਵਧਾ ਕੇ 50 ਕਿਲੋਮੀਟਰ ਕਰਨ ਅਤੇ ਕਾਲੇ ਖੇਤੀ ਕਾਨੂੰਨਾਂ ਰੱਦ ਕਰਾਉਣ ਲਈ ਅਹਿਮ ਵਿਚਾਰ ਵਟਾਂਦਰਾ ਕਰਨ ਉਪਰੰਤ ਫ਼ੈਸਲਾ ਲਿਆ ਜਾਵੇਗਾ।

ਵਰਣਨਯੋਗ ਹੈ ਕਿ ਇਹ ਇਜਲਾਸ ਇਸ ਕਰ ਕੇ ਬੁਲਾਇਆ ਗਿਆ ਹੈ ਕਿ 25 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਹੋਈ ਸਰਬ-ਪਾਰਟੀ ਮੀਟਿੰਗ ਵਿੱਚ ਇਸ ਬਾਰੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਣਦਾ ਸਰਬਸੰਮਤੀ ਨਾਲ ਫ਼ੈਸਲਾਕੀਤਾ ਗਿਆ ਹੈ। ਕੱਲ੍ਹ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਵਪਾਰ ਅਤੇ ਉਦਯੋਗ ਨੂੰ ਕਾਮਯਾਬ ਬਣਾਉਣ ਲਈ ਰਿਆਇਤੀ ਕਦਮਾਂ ਨੂੰ ਵੀ ਮਨਜ਼ੂਰੀ ਦਿੱਤੀ ਗਈ। ਇੱਕ ਫ਼ੈਸਲੇ ਵਿੱਚ ਜਨਤਕ ਮਾਮਲਿਆਂ ਵਿੱਚ ਪ੍ਰਸ਼ਾਸਨਿਕ ਕਾਰਗੁਜ਼ਾਰੀ ਨੂੰ ਹੋਰ ਬਿਹਤਰ ਬਣਾਉਣ ਲਈ ਲਾਲ-ਫ਼ੀਤਾਸ਼ਾਹੀ ਵਿਰੋਧੀ ਨਿਯਮਾਂ-2021 ਨੂੰ ਪ੍ਰਵਾਨਗੀ ਦੇ ਦਿੱਤੀ ਗਈ, ਜਿਸ ਨੂੰ ਨੋਟੀਫ਼ਾਈ ਕੀਤਾ ਗਿਆ ਸੀ ਅਤੇ ਛੇ ਅਪ੍ਰੈਲ 2021 ਤੋਂ ਲਾਗੂ ਹੈ। ਇਹ ਐਕਟ ਸਾਰੇ ਵਿਭਾਗਾਂ ਅਤੇ ਉਨ੍ਹਾਂ ਨਾਲ ਜੁੜੇ ਜਾਂ ਅਧੀਨ ਦਫ਼ਤਰਾਂ ਸਮੇਤ ਬੋਰਡਾਂ, ਕਾਰਪੋਰੇਸ਼ਨਾਂ, ਸਥਾਨਕ ਸਰਕਾਰਾਂ, ਜਨਤਕ ਖੇਤਰ ਦੇ ਉਦਮਾਂ, ਸੁਸਾਇਟੀਆਂ, ਟਰੱਸਟਾਂ, ਕਮਿਸ਼ਨਾਂ, ਪੰਜਾਬ ਵਿਧਾਨ ਐਕਟ ਹੇਠ ਬਣੀਆਂ ਸਵੈ-ਨਿਰਭਰ ਸੰਸਥਾਵਾਂ, ਜਿਨ੍ਹਾਂ ਦਾ ਖ਼ਰਚ ਸੂਬੇ ਦੇ ਕੰਸੋਲੀਡੇਟਿਡ ਫ਼ੰਡ ਵਿੱਚੋਂ ਹੁੰਦਾ ਹੈ, ਉਪਰ ਲਾਗੂ ਹੋਵੇਗਾ। ਛੋਟੇ ਤੇ ਦਰਮਿਆਨ ਉਦਯੋਗਾਂ ਦੇ ਵਿਸਤਾਰ ਨੂੰ ਗਤੀਸ਼ੀਲ ਬਣਾਉਣ ਲਈ ਪੰਜਾਬ ਰਾਈਟ ਟੂ ਬਿਜ਼ਨਸ ਐਕਟ-2020 ਵਿੱਚ ਸੋਧਾਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ।

ਐਕਟ ਵਿਚਲੀਆਂ ਸੋਧਾਂ ਨਾਲ ਸੂਬੇ ਅੰਦਰ ਸਥਾਪਤ ਸੂਖਮ, ਛੋਟੇ ਤੇ ਦਰਮਿਆਨੇ ਉਦਯੋਗਾਂ ਦੇ ਵਿਸਥਾਰ ਅਤੇ ਜਾਂਚ-ਪੜਤਾਲ ਲਈ ਜਲਦ ਪ੍ਰਵਾਨਗੀ, ਸਵੈ-ਐਲਾਨੀਆਂ ਛੋਟਾਂ ਲਈ ਪ੍ਰਕਿਰਿਆਵਾਂ ਨੂੰ ਸੌਖਾ ਅਤੇ ਯੋਗ ਬਣਾਇਆ ਜਾ ਸਕੇਗਾ। ਜੀ ਐਸ ਟੀ ਅਤੇ ਵੈਟ ਦਾ ਮੁਲਾਂਕਣ ਬਿਨਾਂ ਪੇਸ਼ ਹੋਏ, ਕੀਤੇ ਜਾਣ ਦੀ ਪ੍ਰਵਾਨਗੀ ਹੋ ਸਕੇਗੀ।

## ਰਾਹੁਲ ਗਾਂਧੀ ਦੇ ਕਹਿਣ ਉੱਤੇ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਕਾਂਗਰਸ ਪ੍ਰਧਾਨ ਦੇ ਸਾਰੇ ਕੰਮ ਫਿਰ ਸੰਭਾਲੇ



ਚੰਡੀਗੜ੍ਹ, 28 ਅਕਤੂਬਰ (ਪੋਸਟ ਬਿਊਰੋ)- ਨਵਜੋਤ ਸਿੰਘ ਸਿੱਧੂ ਇੱਕ ਵਾਰ ਫਿਰ ਰਾਹੁਲ ਗਾਂਧੀ ਦੀ ਨਸੀਹਤ ਉੱਤੇ ਚੱਲਣਾ ਮੰਨ ਹਨ। ਰਾਹੁਲ ਗਾਂਧੀ ਨੇ ਨਵਜੋਤ ਸਿੱਧੂ ਨੂੰ ਪੰਜਾਬ ਕਾਂਗਰਸ ਪ੍ਰਧਾਨ ਵਜੋਂ ਕੰਮ ਕਰਨ ਨੂੰ ਕਿਹਾ ਸੀ। ਇਸ ਤੋਂ ਬਾਅਦ ਸਿੱਧੂ ਨਾ ਸਿਰਫ਼ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਸੱਦੀ ਸਰਬਪਾਰਟੀ ਬੈਠਕ ਵਿੱਚ ਗਏ, ਸਗੋਂ ਚੰਨੀ ਨਾਲ ਮੰਚ ਵੀ ਸਾਂਝਾ ਕੀਤਾ ਅਤੇ ਕੱਲ੍ਹ ਪੰਜਾਬ ਕਾਂਗਰਸ ਪ੍ਰਧਾਨ ਵਜੋਂ ਦਿੱਲੀ ਵਿੱਚ ਕੌਮੀ ਪੱਧਰ ਦੀ ਬੈਠਕ ਵਿੱਚ ਵੀ ਗਏ ਸਨ। ਉਂਜ ਸਿੱਧੂ ਨੇ ਅਧਿਕਾਰਕ ਤੌਰ ਉੱਤੇ ਅਸਤੀਫ਼ਾ ਵਾਪਸ ਲੈਣ ਦਾ ਐਲਾਨ ਅਜੇ ਨਹੀਂ ਕੀਤਾ।

ਪਤਾ ਲੱਗਾ ਹੈ ਕਿ ਕੱਲ੍ਹ ਦਿੱਲੀ ਦੀ ਬੈਠਕ ਵਿੱਚ ਨਵਜੋਤ ਸਿੰਘ ਸਿੱਧੂ ਨੇ ਇੱਕ ਵਾਰ ਫਿਰ ਪੰਜਾਬ ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਐਡਵੋਕੇਟ ਜਨਰਲ ਅਤੇ ਡੀ ਜੀ ਪੀ ਦਾ ਮਸਲਾ ਚੁੱਕਿਆ ਤੇ ਬੇਅਦਬੀ ਕੇਸ ਵਿੱਚ ਛੇਤੀ ਇਨਸਾਫ਼ ਦਿਵਾਉਣ ਦੀ ਵੀ ਮੰਗ ਰੱਖੀ। ਦੱਸਿਆ ਗਿਆ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ 2022 ਦੀਆਂ ਚੋਣਾਂ ਤੋਂ ਪਹਿਲਾਂ ਸੱਤਾ ਵਿਰੋਧੀ ਲਹਿਰ ਨੂੰ ਦੂਰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੇ ਕੇਸ ਵਿੱਚ ਇਨਸਾਫ਼ ਹੋਣਾ ਜ਼ਰੂਰੀ ਹੈ ਅਤੇ ਅਜਿਹਾ ਹੋਣ ਲਈ ਡੀ ਜੀ ਪੀ ਅਤੇ ਏ ਜੀ ਦਾ ਮਸਲਾ ਛੇਤੀ ਹੱਲ ਕੀਤਾ ਜਾਵੇ।



## ਹਰਿਆਣੇ ਦੇ ਮੁੱਖ ਮੰਤਰੀ ਵਿਰੁੱਧ ਕੇਸ ਦਰਜ ਕਰਾਉਣ ਲਈ ਅਦਾਲਤ ਵਿੱਚ ਪਟੀਸ਼ਨ ਦਾਇਰ

ਨਵੀਂ ਦਿੱਲੀ, 28 ਅਕਤੂਬਰ (ਪੋਸਟ ਬਿਊਰੋ)- ਦਿੱਲੀ ਦੀ ਇੱਕ ਅਦਾਲਤ ਵਿੱਚ ਕੱਲ੍ਹ ਇੱਕ ਅਰਜ਼ੀ ਪੇਸ਼ ਕਰ ਕੇ ਇਸ ਮਹੀਨੇ ਦੇ ਸ਼ੁਰੂ ਵਿੱਚ ਭਾਜਪਾ ਮੈਂਬਰਾਂ ਨੂੰ ਪ੍ਰਦਰਸ਼ਨਕਾਰੀ ਕਿਸਾਨਾਂ ਦੇ ਵਿਰੁੱਧ ਅਪਰਾਧਕ ਤਾਕਤ ਦੀ ਵਰਤੋਂ ਕਰਨ ਲਈ ਭੜਕਾਉਣ ਦੇ ਦੋਸ਼ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਮਨਹੋਰ ਲਾਲ ਖੱਟਰ ਵਿਰੁੱਧ ਕੇਸ ਦਰਜ ਕਰਨ ਦਾ ਨਿਰਦੇਸ਼ ਦੇਣ ਦੀ ਅਪੀਲ ਕੀਤੀ ਗਈ ਹੈ। ਵਕੀਲ ਅਮਿਤ ਸਾਹਨੀ ਨੇ ਇਸ ਪਟੀਸ਼ਨ ਵਿੱਚ ਦੋਸ਼ ਲਾਇਆ ਹੈ ਕਿ ਤਿੰਨ ਅਕਤੂਬਰ ਨੂੰ ਚੰਡੀਗੜ੍ਹ ਵਿੱਚ ਆਪਣੀ ਰਿਹਾਇਸ਼ ਉੱਤੇ ਪਾਰਟੀ ਦੇ ਕਿਸਾਨ ਮੋਰਚੇ ਦੇ ਵਰਕਰਾਂ ਨਾਲ ਬੈਠਕ ਦੌਰਾਨ ਮੁੱਖ ਮੰਤਰੀ ਅਤੇ ਭਾਜਪਾ ਮੈਂਬਰ ਦਾ ਇੱਕ ਵਿਵਾਦਤ ਵੀਡੀਓ ਰਿਕਾਰਡ ਕੀਤਾ ਗਿਆ ਸੀ।



ਇਸ ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਵੀਡੀਓ ਵਿੱਚ ਮੁੱਖ ਮੰਤਰੀ ਨੂੰ ਪਾਰਟੀ ਵਰਕਰਾਂ ਨੂੰ ਕਾਨੂੰਨਾਂ ਦਾ ਵਿਰੋਧ ਕਰਦੇ ਕਿਸਾਨਾਂ ਵਿਰੁੱਧ ਅਪਰਾਧਕ ਤਾਕਤ ਦੀ ਵਰਤੋਂ ਕਰਨ ਲਈ ਭੜਕਾਉਂਦੇ ਹੋਏ ‘ਉਤਰ ਅਤੇ ਪੱਛਮੀ ਹਰਿਆਣਾ ਦੇ ਹਰ ਜ਼ਿਲ੍ਹੇ ਵਿੱਚ 500-600 ਤੋਂ 1000 ਵਲੰਟੀਅਰ ਬਣਾਉਣ ਤੇ ਸੋਟੇ-ਡੰਡੇ ਖਾਣ ਅਤੇ ਜੇਲ੍ਹ ਜਾਣ ਲਈ ਤਿਆਰ ਰਹਿਣ’ ਨੂੰ ਕਹਿੰਦੇ ਦੇਖਿਆ ਗਿਆ ਸੀ।’ ਪਟੀਸ਼ਨ ਵਿੱਚ ਖੱਟਰ ਦੇ ਵਿਰੁੱਧ ਧਾਰਾ 153,153ਏ, ਅਤੇ 505 ਦੇ ਤਹਿਤ ਕੇਸ ਦਰਜ ਕਰਨ ਦੀ ਅਪੀਲ ਕੀਤੀ ਗਈ ਹੈ।

## ਦਿੱਲੀ ਗੁਰਦੁਆਰਾ ਚੋਣਾਂ ਵਿੱਚ ਮਹਿੰਦਰ ਸਿੰਘ ਲਾਟਰੀ ਰਾਹੀਂ ਮੈਂਬਰ ਬਣ ਗਿਆ

ਨਵੀਂ ਦਿੱਲੀ, 28 ਅਕਤੂਬਰ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲਾਟਰੀ ਕੋਟੇ ਨਾਲ ਚੁਣੇ ਜਾਣ ਵਾਲੇ ਸਿੰਘ ਸਭਾ ਮੈਂਬਰਾਂ ਵਿੱਚੋਂ ਇੱਕ ਨੂੰ ਮੈਂਬਰ ਬਣਾਉਣ ਦਾ ਨੋਟੀਫ਼ਿਕੇਸ਼ਨ ਜਾਰੀ ਹੋ ਗਿਆ ਹੈ। ਗੁਰਦੁਆਰਾ ਗੁਰੂ ਸਿੰਘ ਸਭਾ ਕ੍ਰਿਸ਼ਨਾਨਗਰ ਸਫਦਰਜੰਗ ਐਨਕਲੇਵ ਵੱਲੋਂ ਮਹਿੰਦਰ ਸਿੰਘ ਨੂੰ ਮੈਂਬਰ ਬਣਾਇਆ ਗਿਆ ਹੈ।

ਵਰਨਣ ਯੋਗ ਹੈ ਕਿ ਦਿੱਲੀ ਗੁਰਦੁਆਰਾ ਚੋਣਾਂ ਬਾਰੇ ਡਾਇਰੈਕਟੋ ਨੇ ਲਾਟਰੀ ਕੋਟੇ ਦੀਆਂ ਦੋ ਸੀਟਾਂ ਲਈ ਪਿੱਛਲੇ ਦਿਨੀ ਪੰਜ ਲਾਟਰੀਆਂਕੱਢੀਆਂ ਸਨ, ਜਿਨ੍ਹਾਂ ਵਿੱਚੋਂ ਪਹਿਲਾਂ ਚਾਰ ਦਾਅਵੇਦਾਰਾਂ ਦੀ ਦਾਅਵੇਦਾਰੀ ਰੱਦ ਕਰਦੇ ਹੋਏ ਪੰਜਵੇਂ ਦਾਅਵੇਦਾਰ ਮਹਿੰਦਰ ਸਿੰਘ ਨੂੰ ਮੈਂਬਰ ਚੁਣ ਲਿਆ ਗਿਆ ਹੈ।ਇਸ ਪਿੱਛੋਂ ਮਹਿੰਦਰ ਸਿੰਘ ਨੇ ਗੁਰਦੁਆਰਾ ਰਕਾਬਗੰਜ ਸਾਹਿਬ ਵਿੱਚ ਮੱਥਾ ਟੇਕਿਆ ਅਤੇ ਫਿਰ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਕਾਰਜਕਾਲ ਵਿੱਚ ਵਿਰੋਧੀ ਧੜ੍ਹੇ ਦਾ ਸਾਥ ਦੇਣ ਦਾ ਐਲਾਨ ਕਰ ਦਿੱਤਾ। ਇਸ ਮੌਕੇ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਿੱਲੀ ਗੁਰਦੁਆਰਾ ਕਮੇਟੀ (ਡੀ ਐਸ ਜੀ ਐਮ ਸੀ ਕਮੇਟੀ-2021) ਬਣਾਉਣ ਜਾ ਰਹੀ ਹੈ।

## 8 ਸਾਲ ਪੁਰਾਣੇ ਬੰਬ ਧਮਾਕਾ ਕੇਸ ਵਿੱਚ 9 ਦੋਸ਼ੀ ਕਰਾਰ, ਇੱਕ ਬਰੀ

ਪਟਨਾ, 28 ਅਕਤੂਬਰ (ਪੋਸਟ ਬਿਊਰੋ)- ਏਥੋਂ ਦੇ ਗਾਂਧੀ ਮੈਦਾਨ ਵਿੱਚ ਅੱਠ ਸਾਲ ਪਹਿਲਾਂ ਹੋਏ ਬੰਬ ਧਮਾਕਿਆਂ ਸਬੰਧੀ ਐਨ ਆਈ ਏ ਦੀ ਵਿਸ਼ੇਸ਼ ਅਦਾਲਤ ਨੇ 9 ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ।

ਵਿਸ਼ੇਸ਼ ਸਰਕਾਰੀ ਵਕੀਲ ਲੱਲਣ ਪ੍ਰਸਾਦ ਸਿੰਘ ਨੇ ਦੱਸਿਆ ਕਿ ਐਨ ਆਈ ਏ ਦੀ ਅਦਾਲਤ ਦੇ ਵਿਸ਼ੇਸ਼ ਜੱਜ ਗੁਰਵਿੰਦਰ ਸਿੰਘ ਮਲਹੋਤਰਾ ਨੇ 2013 ਵਿੱਚ ਪਟਨਾ ਦੇ ਗਾਂਧੀ ਮੈਦਾਨ ਵਿੱਚ ਹੋਏ ਲੜੀਵਾਰ ਬੰਬ ਧਮਾਕਿਆਂ ਸਬੰਧੀ ਇਮਤਿਆਜ਼ ਅੰਸਾਰੀ, ਮੁਜੀਬੁਲਾ, ਹੈਦਰ ਅਲੀ, ਫਿਰੋਜ਼ ਅਸਲਮ, ਨੋਮਨ ਅੰਸਾਰੀ, ਇਫਤਿਖਾਰ, ਅਹਿਮਦ ਹੁਸੈਨ, ਉਮਰ ਸਿਦੀਕੀ ਅਤੇ ਅਜ਼ਹਰੂਦੀਨ ਨੂੰ ਦੋਸ਼ੀ ਕਰਾਰ ਦਿੱਤਾ ਤੇ ਫਖਰੂਦੀਨ ਨੂੰ ਸਬੂਤਾਂ ਦੀ ਕਮੀ ਕਾਰਨ ਬਰੀ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸ ਕੇਸ ਵਿੱਚ ਐਨ ਆਈ ਏ ਨੇ 11 ਮੁਲਜ਼ਮਾਂ ਵਿਰੁੱਧ ਦੋਸ਼-ਪੱਤਰ ਦਾਖ਼ਲ ਕੀਤੇ ਸਨ। ਇਨ੍ਹਾਂ ਵਿੱਚੋਂ ਇੱਕ ਦੀ ਉਮਰ ਘੱਟ ਹੋਣ ਕਾਰਨ ਉਸਦਾ ਕੇਸ ਕਿਸ਼ੋਰ ਅਦਾਲਤ ਵਿੱਚ ਚਲਾ ਗਿਆ ਸੀ। ਦੋਸ਼ੀਆਂ ਨੂੰ ਸਜ਼ਾ ਦੇਣ ਬਾਰੇ ਇੱਕ ਨਵੰਬਰ ਨੂੰ ਮੁੜ ਸੁਣਵਾਈ ਹੋਵੇਗੀ।

## ਹਰਿਆਣਾ ਦੇ ਡਿਪਟੀ ਮੁੱਖ ਮੰਤਰੀ ਦੁਸ਼ਿਅੰਤ ਦਾ ਵਿਰੋਧ ਕਰਨ ਵਾਲਾ ਕਿਸਾਨ ਆਗੂ ਰਿਹਾਅ

### * ਐਸ ਪੀ ਨੇ ਮੁਆਫੀ ਮੰਗ ਕੇ ਕਿਸਾਨ ਦੇ ਸਿਰ ਉੱਤੇ ਪੱਗ ਬੰਨ੍ਹੀ

ਏਲਨਾਬਾਦ, 28 ਅਕਤੂਬਰ (ਪੋਸਟ ਬਿਊਰੋ)- ਹਰਿਆਣਾ ਦੇ ਏਲਨਾਬਾਦ ਹਲਕੇ ਦੀ ਵਿਧਾਨ ਸਭਾ ਉੱਪ ਚੋਣ ਦੌਰਾਨ ਪਿੰਡ ਜਮਾਲ ਵਿੱਚ ਚੋਣ ਪ੍ਰਚਾਰ ਲਈ ਆਏ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਨੂੰ ਕਾਲੇ ਝੰਡੇ ਵਿਖਾਉਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤੇ ਕਿਸਾਨ ਨੇਤਾ ਸਿਕੰਦਰ ਸਿੰਘ ਰੋੜੀ ਨੂੰ ਕਿਸਾਨਾਂ ਦੇ ਦਬਾਅ ਹੇਠ ਪੁਲਸ ਨੇ ਰਿਹਾਅ ਕਰ ਦਿੱਤਾ ਤੇ ਧੱਕਾਮੁੱਕੀ ਦੌਰਾਨ ਕਿਸਾਨ ਨੇਤਾ ਦੀ ਪੱਗ ਲੱਥਣ ਬਾਰੇ ਸੰਬੰਧਤ ਐਸ ਪੀ ਨੇ ਕਿਸਾਨ ਨੇਤਾ ਦੇ ਸਿਰ ਉੱਤੇ ਖੁਦ ਪੱਗ ਬੰਨ੍ਹੀ ਅਤੇ ਇਸ ਮਾਮਲੇ ਵਿੱਚ ਹੋਈ ਘਟਨਾ ਲਈ ਮੁਆਫੀ ਮੰਗੀ ਹੈ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਉੱਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਜਦੋਂ ਪਿੰਡ ਜਮਾਲ ਵਿੱਚ ਇੱਕ ਜਲਸੇ ਵਿੱਚ ਗਏਤਾਂ ਸੈਂਕੜੇ ਕਿਸਾਨ ਉਨ੍ਹਾਂ ਦਾ ਵਿਰੋਧ ਕਰਨ ਪਹੁੰਚ ਗਏ ਸਨ। ਇਸ ਮੌਕੇ ਕਿਸਾਨ ਮੋਰਚਾ (ਚੜੂਨੀ) ਦੇ ਜ਼ਿਲ੍ਹਾ ਪ੍ਰਧਾਨ ਸਿਕੰਦਰ ਸਿੰਘ ਰੋੜੀ ਜਦੋਂ ਕਿਸਾਨਾਂ ਨਾਲ ਇੱਕ ਘਰ ਦੀ ਛੱਤ ਉੱਤੇ ਖੜ੍ਹੇ ਹੋ ਕੇ ਦੁਸ਼ਿਅੰਤ ਚੌਟਾਲਾ ਨੂੰ ਕਾਲੇ ਝੰਡੇ ਵਿਖਾ ਰਹੇ ਸਨ ਤਾਂ ਪੁਲਸ ਨੇ ਉਸ ਨਾਲ ਹੱਥੋਪਾਈ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ। ਇਸ ਘਟਨਾ ਬਾਰੇ ਕਿਸਾਨਾਂ ਨੇ ਪਿੰਡ ਜਮਾਲ ਅਤੇ ਨਾਥੂਸਰੀ ਚੌਪਟਾ ਥਾਣੇ ਅੱਗੇ ਧਰਨਾ ਦਿੱਤਾ ਤੇ ਜਮਾਲ ਚੌਕੀ ਦੇ ਇੰਚਾਰਜ ਨੂੰ ਸਸਪੈਂਡ ਕਰਨ ਦੀ ਮੰਗ ਕੀਤੀ ਸੀ। ਕੱਲ੍ਹ ਇਥੇ ਐਸ ਪੀ ਅਰਪਿਤ ਜੈਨ ਕਿਸਾਨਾਂ ਕੋਲ ਧਰਨੇ ਉੱਤੇ ਪਹੁੰਚੇ ਤੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਵੀ ਰਾਤ ਨੂੰ ਹੀ ਚੌਕੀ ਸਾਹਮਣੇ ਧਰਨੇ ਉੱਤੇਆ ਗਏ। ਰਾਤ 12 ਵਜੇ ਪੁਲਸ ਨੂੰ ਕਿਸਾਨਾਂ ਦੇ ਰੋਸ ਅੱਗੇ ਝੁਕਣਾ ਪਿਆ ਅਤੇ ਐਸ ਪੀ ਨੇ ਇਸ ਘਟਨਾ ਲਈ ਕਿਸਾਨਾਂ ਤੋਂ ਮੁਆਫੀ ਮੰਗ ਕੇ ਆਪਣੇ ਹੱਥਾਂ ਨਾਲ ਕਿਸਾਨ ਆਗੂ ਸਿਕੰਦਰ ਸਿੰਘ ਦੇ ਸਿਰ ਉੱਤੇ ਪੱਗ ਬੰਨ੍ਹ ਕੇ ਗੱਲ ਮੁਕਾਈ। ਇਸੇ ਦੌਰਾਨ ਇਨੈਲੋ ਦੇ ਦਫਤਰ ਸੈਕਟਰੀ ਨਛੱਤਰ ਸਿੰਘ ਮਲਹਾਨ ਨੇ ਮੁੱਖ ਚੋਣ ਅਧਿਕਾਰੀ ਨੂੰ ਪੱਤਰ ਲਿਖ ਕੇ ਜਮਾਲ ਵਿੱਚ ਕਿਸਾਨ ਨੇਤਾਵਾਂ ਦੇ ਖ਼ਿਲਾਫ ਕੁੱਟਮਾਰ ਦੀ ਸ਼ਿਕਾਇਤ ਕੀਤੀ ਹੈ।

### ਲਖੀਮਪੁਰ ਹਿੰਸਾ ਬਾਰੇ ਸੁਪਰੀਮ ਕੋਰਟ ਦਾ ਸਵਾਲ :

## ਹਜ਼ਾਰਾਂ ਦੀ ਭੀੜ ਵਿੱਚੋਂ ਚਸ਼ਮਦੀਦ ਗਵਾਹ ਸਿਰਫ਼ 23 ਕਿਉਂ ਮਿਲੇ?

ਨਵੀਂ ਦਿੱਲੀ, 28 ਅਕਤੂਬਰ (ਪੋਸਟ ਬਿਊਰੋ)-ਲਖੀਮਪੁਰ ਖੇੜੀ ਹਿੰਸਾ ਉੱਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ ਇਸ ਕਤਲਕਾਂਡ ਬਾਰੇ ਉਤਰ ਪ੍ਰਦੇਸ਼ ਸਰਕਾਰ ਦੇ ਢਿੱਲੇ ਰਵਈਏ ਉੱਤੇ ਇੱਕ ਵਾਰ ਫਿਰ ਸਵਾਲ ਕੀਤੇ ਹਨ। ਅਦਾਲਤ ਨੇ ਇਸ ਨਾਲ ਗਵਾਹਾਂ ਨੂੰ ਯੋਗ ਸੁਰੱਖਿਆ ਦੇਣ ਦੇ ਨਾਲ ਜਾਂਚ ਵਿੱਚ ਤੇਜ਼ੀ ਦਾ ਹੁਕਮ ਦਿੱਤਾ।



ਚੀਫ਼ ਜਸਟਿਸ ਐਨ ਵੀ ਰਾਮੰਨਾ ਦੇ ਪ੍ਰਧਾਨਗੀ ਵਾਲੇ ਅਦਾਲਤੀ ਬੈਂਚ ਨੇ ਗਵਾਹਾਂ ਦੇ ਬਿਆਨ ਸੀ ਆਰ ਪੀ ਸੀ ਦੀ ਧਾਰਾ-164 ਹੇਠ ਦਰਜ ਕਰਾਉਣ ਵਿੱਚ ਤੇਜ਼ੀ ਲਿਆਉਣ ਦਾ ਹੁਕਮ ਦਿੱਤਾ ਹੈ। ਕੱਲ੍ਹ ਸੁਣਵਾਈ ਦੌਰਾਨ ਜਸਟਿਸ ਸੂਰੀਆਕਾਂਤ ਅਤੇ ਜਸਟਿਸ ਹਿਮਾ ਕੋਹਲੀ ਦੇ ਬੈਂਚ ਨੇ ਇਸ ਕੇਸ ਵਿੱਚ ਸਬੂਤ ਜਮ੍ਹਾਂ ਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਈ ਡਿਜੀਟਲ ਸਬੂਤਾਂ ਦੀ ਜਾਂਚ ਕਰਨ ਵਾਸਤੇ ਫੋਰੈਂਸਿਕ ਲੈਬੋਰਟਰੀ ਦੀ ਵੀ ਮੰਗ ਕੀਤੀ। ਬੈਂਚ ਨੇ ਹੈਰਾਨੀ ਜ਼ਾਹਰ ਕੀਤੀ ਕਿ ਹਜ਼ਾਰਾਂ ਲੋਕਾਂ ਦੀ ਭੀੜ ਵਿੱਚੋਂ ਸਿਰਫ਼ 23 ਲੋਕ ਇਸ ਘਟਨਾ ਦੇ ਚਸ਼ਮਦੀਦ ਗਵਾਹ ਹਨ, ਜਿੱਥੇ ਕਾਰ ਨਾਲ ਕਿਸਾਨਾਂ ਨੂੰ ਕੁਚਲਿਆ ਗਿਆ ਸੀ। ਚੀਫ਼ ਜਸਟਿਸ ਨੇ ਪੁੱਛਿਆ ਕਿ ਰੈਲੀ ਵਿੱਚ ਸੈਂਕੜੇ ਕਿਸਾਨ ਸਨ, ਸਿਰਫ਼ 23 ਲੋਕ ਹੀ ਗਵਾਹ ਕਿਉਂ ਸਨ?ਚੀਫ਼ ਜਸਟਿਸ ਨੇ ਕਿਹਾ ਕਿ ਹਰ ਪਹਿਲੂ ਅਤੇ ਸੰਭਾਵਨਾ ਲੱਭੋ ਅਤੇ ਜਾਂਚ ਨੂੰ ਅੱਗੇ ਵਧਾਉ।

ਉੱਤਰ ਪ੍ਰਦੇਸ਼ ਸਰਕਾਰ ਦੇ ਵਕੀਲ ਹਰੀਸ਼ ਸਾਲਵੇ ਨੇ ਕਿਹਾ ਕਿ 68 ਵਿੱਚੋਂ 30 ਗਵਾਹਾਂ ਨੇ 164 ਸੀ ਆਰ ਪੀ ਸੀ ਹੇਠ ਬਿਆਨ ਦਰਜ ਕਰਾਏ ਹਨ। ਇਨ੍ਹਾਂ ਵਿੱਚੋਂ 23 ਚਸ਼ਮਦੀਦ ਹਨ। ਸਾਲਵੇ ਨੇ ਕਿਹਾ ਕਿ ਮੈਂ ਇਸ ਕੇਸ ਦੇ ਸਬੂਤ ਸੀਲਡ ਲਿਫ਼ਾਫ਼ੇ ਵਿੱਚ ਪੇਸ਼ ਕਰਨਾ ਚਾਹਾਂਗਾ। ਉਨ੍ਹਾਂ ਕਿਹਾ ਕਿ 16 ਦੋਸ਼ੀਆਂ ਦੀ ਪਛਾਣ ਕਰ ਲਈ ਹੈ। ਦੂਜੇ ਪਾਸੇ ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ ਘਟਨਾ ਵਿੱਚ ਮਾਰੇ ਗਏ ਸ਼ਿਆਮ ਸੁੰਦਰ ਦੀ ਵਿਧਵਾ ਰੂਬੀ ਦੇਵੀ ਵੱਲੋਂ ਪੇਸ਼ ਵਕੀਲ ਅਰੁਣ ਭਾਰਦਵਾਜ ਨੇ ਇਨਸਾਫ਼ ਦੀ ਗੁਹਾਰ ਲਾਈ। ਇਸ ਕਾਂਡ ਵਿੱਚ ਮਾਰੇ ਗਏ ਪੱਤਰਕਾਰ ਦੇ ਪਰਵਾਰ ਨੇ ਵੀ ਨਿਆਂ ਦੀ ਮੰਗ ਕੀਤੀ ਹੈ। ਇਸ ਉੱਤੇ ਜਸਟਿਸ ਨੇ ਵੱਖਰੀ ਸਟੇਟਸ ਰਿਪੋਰਟ ਦੇਣ ਦਾ ਹੁਕਮ ਸਰਕਾਰ ਨੂੰ ਦਿੱਤਾ ਹੈ। ਅਦਾਲਤ ਨੇ ਯੂ ਪੀ ਸਰਕਾਰ ਵੱਲੋਂ ਪੇਸ਼ ਸੀਨੀਅਰ ਵਕੀਲ ਹਰੀਸ਼ ਸਾਲਵੇ ਨੂੰ ਇਸ ਮਾਮਲੇ ਵਿੱਚ ਵੱਖ ਤੋਂ ਜਵਾਬ ਦਾਖ਼ਲ ਕਰਨ ਨੂੰ ਕਿਹਾ ਤੇ ਅਗਲੀ ਸੁਣਵਾਈ 8 ਨਵੰਬਰ ਨੂੰ ਤੈਅ ਕਰਦੇ ਹੋਏ ਰਾਜ ਸਰਕਾਰ ਨੂੰ ਜਵਾਬ ਦਾਖ਼ਲ ਕਰਨ ਲਈ ਕਿਹਾ ਹੈ।

## ਜੰਮੂ-ਕਸ਼ਮੀਰ ਵਾਲਾ ਜਵਾਲਾ ਮੁਖੀ ਫਟਿਆ ਤਾਂ ਪਤਾ ਨਹੀਂ ਕੀ ਬਣੇਗਾ: ਫਾਰੂਕ ਅਬਦੁੱਲਾ

ਜੰਮੂ, 28 ਅਕਤੂਬਰ (ਪੋਸਟ ਬਿਊਰੋ)- ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਕਿਹਾ ਹੈ ਕਿ ਧਾਰਾ-370 ਹਟਾਏ ਜਾਣ ਪਿੱਛੋਂ ਜੰਮੂ-ਕਸ਼ਮੀਰ ਜਵਾਲਾਮੁਖੀ ਬਣ ਰਿਹਾ ਹੈ। ਉਨ੍ਹਾਂ ਡਰ ਜ਼ਾਹਿਰ ਕੀਤਾ ਕਿ ਜਦੋਂ ਇਹ ਫਟਿਆ ਤਾਂ ਪਤਾ ਨਹੀਂ ਕਿੱਦਾਂ ਦੇ ਹਾਲਾਤ ਹੋਣਗੇ। ਉਨ੍ਹਾ ਨੇ ਪੁਣਛ ਦੇ ਸੂਰਨਕੋਟ ਵਿੱਚ ਜਲਸੇ ਵਿੱਚ ਕਿਹਾ, ‘ਜਿਨ੍ਹਾਂ ਨੇ ਕ੍ਰਿਕਟ ਮੈਚ ਵਿੱਚ ਪਾਕਿਸਤਾਨ ਦੀ ਜਿੱਤ ਦਾ ਜਸ਼ਨ ਮਨਾਇਆ, ਉਨ੍ਹਾਂ ਦਾ ਪਾਕਿ-ਸਤਾਨ ਨਾਲ ਕੋਈ ਲੈਣਾ-ਦੇਣਾ ਨਹੀਂ। ਇਹ ਸਿਰਫ ਭਾਜਪਾ ਨੂੰ ਭੜਕਾਉਣ ਦੇ ਮਕਸਦ ਨਾਲ ਕੀਤਾ ਗਿਆ ਹੈ। ਉਹ ਨੌਜਵਾਨ ਸਨ ਤੇ ਭਾਜਪਾ ਨੂੰ ਇਸ ਨੂੰ ਅੱਖਾਂ ਖੋਲ੍ਹਣ ਵਾਲੇ ਸਬਕ ਦੇ ਤੌਰ ਉੱਤੇ ਵੇਖਣਾ ਚਾਹੀਦਾ ਹੈ।”

ਫਾਰੂਕ ਅਬਦੁੱਲਾ ਨੇ ਕਿਹਾ ਕਿ ਭਾਜਪਾ ਦਾਅਵਾ ਕਰਦੀ ਹੈ ਕਿ ਇੱਕ ਨਵਾਂ ਪੜਾਅ ਸ਼ੁਰੂ ਹੋ ਗਿਆ ਅਤੇ ਅੱਤਵਾਦ ਖ਼ਤਮ ਹੋ ਗਿਆ ਹੈ, ਪਰ ਸਥਿਤੀ ਵੱਖਰੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਧਾਰਾ-370 ਤਹਿਤ ਇਸ ਰਾਜ ਦੇ ਵਿਸ਼ੇਸ਼ ਦਰਜੇ ਨੂੰ ਰੱਦ ਕਰਨ ਦਾ ਐਲਾਨ ਕੀਤਾ ਸੀ ਅਤੇ ਕੱਲ੍ਹ ਕ੍ਰਿਕਟ ਵਿੱਚਪਾਕਿਸਤਾਨ ਦੀ ਜਿੱਤ ਤੋਂ ਬਾਅਦ ਉਹ ਜਸ਼ਨ ਦੇ ਵੀ ਗਵਾਹ ਬਣੇ। ਅਬਦੁੱਲਾ ਨੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਗੱਲਬਾਤ ਲਈ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਵਕਾਲਤ ਬਾਰੇ ਲੋਕਾਂ ਨੂੰ ਕਿਹਾ ਕਿ ਉਹ ਦੋਵਾਂ ਦੇਸ਼ਾਂ ਵਿੱਚ ਚੰਗੀ ਭਾਵਨਾ ਤੇ ਉਪ-ਮਹਾਦੀਪ ਵਿੱਚ ਸ਼ਾਂਤੀ ਤੇ ਵਿਕਾਸ ਦੇ ਵਿਆਪਕ ਹਿੱਤ ਵਿੱਚ ਰੱਬ ਅੱਗੇ ਪ੍ਰਾਰਥਨਾ ਕਰਨ।



# ਸਾਊਦੀ ਅਰਬ ਨੇ ਪਾਕਿਸਤਾਨ ਨੂੰ ਮਦਦ ਕਰਨੀ ਸ਼ੁਰੂ ਕੀਤੀ

ਇਸਲਾਮਾਬਾਦ, 28 ਅਕਤੂਬਰ (ਪੋਸਟ ਬਿਊਰੋ)- ਮੰਦੇ ਹਾਲ ਪਾਕਿਸਤਾਨ ਦੀ ਅਰਥਵਿਵਸਥਾ ਲਈ 'ਕਰਜ਼ਾ ਯਾਤਰਾ' ਉਤੇ ਨਿਕਲੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਸਾਊਦੀ ਅਰਬ ਨੇ ਕਰੀਬ 4.2 ਅਰਬ ਡਾਲਰ ਦਾ ਸਹਾਰਾ ਦਿੱਤਾ ਹੈ। ਇਮਰਾਨ ਖਾਨ ਦੇ ਤਿੰਨ ਦਿਨਾਂ ਦੌਰੇ ਦੇ ਦੋ ਦਿਨਾਂ ਬਾਅਦ ਸਾਊਦੀ ਅਰਬ ਤੋ ਕਰਜ਼ੇ ਦੀ ਹਾਮੀ ਨਾਲ ਖੁਸ਼ ਪਾਕਿਸਤਾਨ ਦੇ ਸੂਚਨਾ ਮੰਤਰੀ ਫਵਾਦ ਚੌਧਰੀ ਨੇ ਕੱਲ੍ਹ ਖੁਦ ਟਵਿੱਟਰ ਉੱਤੇ ਇਸ ਦੀ ਜਾਣਕਾਰੀ ਸ਼ੇਅਰ ਕੀਤੀ।

ਫਵਾਦ ਚੌਧਰੀ ਨੇ ਟਵੀਟ ਕੀਤਾ: 'ਸਾਊਦੀ ਅਰਬ ਨੇ ਪਾਕਿਸਤਾਨ ਸੈਂਟਰਲ ਬੈਂਕ ਵਿੱਚ ਤਿੰਨ ਅਰਬ ਡਾਲਰ ਜਮ੍ਹਾਂ ਕਰਨ ਦਾ ਐਲਾਨ ਕੀਤਾ ਹੈ। ਉਸ ਨੇ 1.2 ਅਰਬ ਡਾਲਰ ਦੇ ਪੈਟਰੋਲੀਅਮ ਉਤਪਾਦ ਵੀ ਉਧਾਰ ਦੇਣ ਦਾ ਭਰੋਸਾ ਦਿੱਤਾ ਹੈ। ਇਮਰਾਨ ਖਾਨ ਨੇ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੇ ਨਾਲ ਇਸੇ ਹਫਤੇ ਰਿਆਦ ਵਿੱਚਬੈਠਕ ਕੀਤੀ ਅਤੇ ਆਰਥਿਕ ਮੱਦਦ ਦੀ ਬੇਨਤੀ ਕੀਤੀ



ਸੀ। ਪ੍ਰਧਾਨ ਮੰਤਰੀ ਦੇ ਵਿੱਤੀ ਸਲਾਹਕਾਰ ਸ਼ੌਕਤ ਤਰੀਨ ਨੇ ਕੱਲ੍ਹ ਪੱਤਰਕਾਰਾਂ ਨੂੰ ਦੱਸਿਆ ਕਿ ਸਾਊਦੀ ਅਰਬ ਵੱਲੋਂ ਦਿੱਤਾ ਜਾ ਰਿਹਾ 4.2 ਅਰਬ ਡਾਲਰ ਦਾ ਆਰਥਿਕ ਪੈਕੇਜ ਇੱਕ ਸਾਲ ਲਈ ਹੋਵੇਗਾ।ਮਈ ਤੋਂ ਬਾਅਦ ਪਾਕਿਸਤਾਨੀ ਕਰੰਸੀ ਦੀ ਕੀਮਤ 13.6 ਫੀਸਦੀ ਘੱਟ ਜਾਵੇਗੀ।

ਸਮਝਿਆ ਜਾਂਦਾ ਹੈ ਕਿ ਅਫਗਾਨਿਸਤਾਨ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਡਾਲਰ ਦੇਣਾ ਇਸ ਦਾ ਪ੍ਰਮੁੱਖ ਕਾਰਨ ਹੈ। ਸਾਲ 2018 ਵਿੱਚ ਵੀ ਸਾਊਦੀ ਅਰਬ ਨੇ ਪਾਕਿਸਤਾਨ ਨੂੰ ਤਿੰਨ ਅਰਬ ਡਾਲਰ ਦੀ ਨਕਦ ਜਮ੍ਹਾਂ ਰਕਮ ਵਜੋਂ ਮਦਦ ਦੇ ਦਿੱਤੀ ਸੀ ਤੇ ਏਨੀ ਹੀ ਰਕਮ ਦੀ ਤੇਲ ਸਹੂਲਤ ਵੀ ਦਿੱਤੀ ਸੀ। ਬਾਅਦ ਵਿੱਚ ਸੰਬੰਧ ਖਰਾਬ ਹੋਣ ਉੱਤੇ ਪਾਕਿਸਤਾਨ ਨੇ ਦੋ ਅਰਬ ਡਾਲਰ ਦੀ ਜਮ੍ਹਾਂ ਰਾਸ਼ੀ ਸਾਊਦੀ ਅਰਬ ਨੂੰ ਮੋੜ ਦਿੱਤੀ ਸੀ।ਪਾਕਿਸਤਾਨ ਨੂੰ ਉਮੀਦ ਹੈ ਕਿ ਵਧਦੀ ਮਹਿੰਗਾਈ ਤੇ ਡੁੱਬਦੀ ਅਰਥਵਿਵਸਥਾ ਨੂੰ ਸਹਾਰਾ ਦੇਣ ਲਈ ਕੌਮਾਂਤਰੀ ਕਰੰਸੀ ਕੋਸ਼ (ਆਈ ਐਮ ਐਫ) ਵੀ ਉਸ ਨੂੰ 2.78 ਅਰਬ ਡਾਲਰ ਦੇ ਸਹਿਯੋਗ ਦੀ ਇਜਾਜ਼ਤ ਦੇ ਸਕਦਾ ਹੈ। ਵਿੱਤ ਮੰਤਰਾਲੇ ਨੇ ਆਈ ਐਮ ਐਫ ਕੋਲੋਂ 2.78 ਡਾਲਰ ਦੀ ਮਦਦ ਦੀ ਇਜਾਜ਼ਤ ਦੇਣ ਦੀ ਬੇਨਤੀ ਕੀਤੀ ਹੈ। ਇਹ ਰਕਮ ਬਜਟ ਦੀ ਵਿੱਤੀ ਜ਼ਰੂਰਤ ਮੁਤਾਬਕ ਕੋਵਿਡ-19 ਮਹਾਮਾਰੀ ਨਾਲ ਨਜਿੱਠਣ ਲਈ ਦਿੱਤੀ ਗਈ ਸੀ ਅਤੇ ਅੱਗੋਂ ਏਥੇ ਖਰਚ ਕੀਤੀ ਜਾ ਸਕਦੀ ਹੈ।

## ਪਾਕਿ ਦੇ ਮੰਦਰ ਤੋੜੂ ਕੱਟੜਪੰਥੀਆਂ ਉੱਤੇ ਸੁਪਰੀਮ ਕੋਰਟ ਦਾ ਹਥੌੜਾ

ਇਸਲਾਮਾਬਾਦ, 28 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਆਪਣੇ ਦੇਸ਼ ਦੇ ਘੱਟ-ਗਿਣਤੀ ਭਾਈਚਾਰੇ ਨੂੰ ਤੰਗ ਕਰਨ ਵਾਲੇ ਮੁਸਲਮਾਨ ਕੱਟੜਪੰਥੀਆਂ ਉੱਤੇ ਹਥੌੜਾ ਚਲਾ ਕੇ ਹਵੇਲੀ ਬਾਗ਼-ਏ-ਸਰਦਾਰਾਂ ਮੰਦਰ ਉੱਤੇ ਹਮਲੇ ਦੇ ਕੇਸ ਵਿੱਚ ਜਿਰਗਾ (ਗਰਾਮਸਭਾ) ਦਾ ਫੈਸਲਾ ਪਲਟ ਕੇ ਇਤਿਹਾਸਰਚ ਦਿੱਤਾ ਹੈ।

ਵਰਨਣ ਯੋਗ ਹੈ ਕਿ ਪਾਕਿ-ਸਤਾਨ ਦੇ ਖ਼ੈਬਰ ਪਖਤੂਨਖਵਾ ਸੂਬੇ ਦੇ ਜ਼ਿਲ੍ਹੇ ਕਰਕ ਵਿੱਚ 30 ਦਸੰਬਰ 2020 ਨੂੰ ਹੋਈ ਜਿਰਗਾ ਵਿੱਚ ਹਿੰਦੂ ਭਾਈਚਾਰੇ ਦੇ ਲੋਕਾਂ ਵੱਲੋਂ ਹਵੇਲੀ ਬਾਗ-ਏ-ਸਰਦਾਰਾਂ ਮੰਦਰ ਕੰਪਲੈਕਸ ਢਾਹੁਣ ਦੇ ਸਾਰੇ 123 ਮੁਲਜ਼ਮਾਂ ਨੂੰ ਮੁਆਫ ਕਰਨ ਅਤੇ ਪੁਲਸ ਵੱਲੋਂ ਦੋਸ਼ੀਆਂ ਦੇ ਖ਼ਿਲਾਫ਼ ਕੇਸ ਵਾਪਸ ਲੈਣ ਨੂੰ ਰੱਦ ਕਰ ਕੇ ਸੁਪਰੀਮ ਕੋਰਟ ਦੇ ਜਸਟਿਸ ਕਾਜ਼ੀ ਫੈਜ਼ ਈਸਾ ਨੇ ਫ਼ੈਸਲਾ ਦਿੱਤਾ ਕਿ ਇਸਲਾਮ ਵਿੱਚ ਵਿਰਾਸਤ ਦਾ ਕਾਨੂੰਨ ਆਖਰੀ ਹੈ ਅਤੇ ਇਸ ਨੂੰ ਕੋਈ ਅਦਾਲਤ ਜਾਂ ਕੋਈ ਜਿਰਗਾ ਬਦਲ ਨਹੀਂ ਸਕਦਾ। ਜਸਟਿਸ ਕਾਜ਼ੀ ਫੈਜ਼ ਈਸਾ ਨੇ ਜਮਾਤ-ਏ-ਉਲੇਮਾ ਫਜ਼ਰ ਦੇ ਜ਼ਿਲ੍ਹੇ ਕਰਕ ਦੇ ਅਮੀਰ ਮੌਲਾਨਾ ਮੀਰ




ਜਕੀਮ, ਸਾਬਕਾ ਜ਼ਿਲ੍ਹਾ ਨਾਜਿਮ ਕਰਕ ਰਹਿਮਤ ਸਲਾਮ ਖਟਕ ਅਤੇ ਮੌਲਾਨਾ ਸ਼ਰੀਫੁਲਾ ਸਮੇਤ 123 ਮੁਲਜ਼ਮਾਂ ਨੂੰ ਹਮਲੇ ਦੇ ਕਾਰਨ ਮੰਦਰ ਦੇ ਨੁਕਸਾਨ ਦੀ ਮੁਰੰਮਤ ਉੱਤੇ ਆਉਣ ਵਾਲੇ ਖਰਚੇ ਦੀ ਪੂਰੀ ਰਾਸ਼ੀ ਵਸੂਲਣ ਦਾ ਨੋਟਿਸ ਵੀ ਜਾਰੀ ਕੀਤਾ। ਅਦਾਲਤ ਨੇ ਹਰ ਮੁਲਜ਼ਮ ਤੋਂ ਦੋ ਲੱਖ 68 ਰੁਪਏ ਤਿੰਨ ਦਿਨਾਂ ਵਿੱਚ ਵਸੂਲਣ ਦਾ ਹੁਕਮ ਸੁਣਾਇਆ ਅਤੇ ਕਿਹਾ ਕਿ ਜੇ ਰਾਸ਼ੀ ਦਾ ਭੁਗਤਾਨ ਨਾ ਕੀਤਾ ਤਾਂ ਉਨ੍ਹਾਂ ਦੀ ਜਾਇਦਾਦ ਜ਼ਬਤ ਕਰ ਲਈ ਜਾਵੇਗੀ। ਅਦਾਲਤ ਨੇ ਕਿਹਾ ਕਿ ਮੰਦਰਾਂ ਵਿੱਚ ਪੂਜਾ-ਅਰਚਨਾ ਬਾਰੇ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਪਰੇਸ਼ਾਨੀ ਪੇਸ਼ ਨਹੀਂ ਆਉਣੀ ਚਾਹੀਦੀ। ਮੌਲਵੀਆਂ ਨੇ ਅਦਾਲਤ ਦੇ ਹੁਕਮ ਨੂੰ ਹਿੰਦੂ ਅਤੇ ਮੁਸਲਮਾਨ ਭਾਈਚਾਰੇ ਵਿਚਾਲੇ ਸਮਝੌਤੇ ਦੇ ਉਲਟ ਦੱਸਿਆ ਅਤੇ ਕਿਹਾ ਕਿ ਸੁਪਰੀਮ ਕੋਰਟ ਦੇ ਜੱਜ ਇਸਲਾਮ ਦੇ ਉਲਟ ਚੱਲ ਰਹੇ ਹਨ।

## ਜਾਪਾਨ ਦੀ ਰਾਜਕੁਮਾਰੀ ਨੇ ਆਮ ਨਾਗਰਿਕ ਨਾਲ ਵਿਆਹ ਕਰਵਾ ਕੇ ਸ਼ਾਹੀ ਰੁਤਬਾ ਛੱਡਿਆ

ਟੋਕੀਉ, 28 ਅਕਤੂਬਰ (ਪੋਸਟ ਬਿਊਰੋ)- ਜਾਪਾਨ ਦੀ ਰਾਜਕੁਮਾਰੀ ਮਾਕੋ ਨੇ ਇੱਕ ਆਮ ਨਾਗਰਿਕ ਨਾਲ ਵਿਆਹ ਕਰ ਕੇ ਆਪਣਾ ਸ਼ਾਹੀ ਰੁਤਬਾ ਗੁਆ ਦਿੱਤਾ। ਰਾਜਕੁਮਾਰੀ ਦੇ ਵਿਆਹ ਤੇ ਉਨ੍ਹਾਂ ਦਾ ਸ਼ਾਹੀ ਰੁਤਬਾ ਖ਼ਤਮ ਕਰਨ ਦੇ ਮੁੱਦੇ ਉੱਤੇ ਜਨਤਾ ਦੀ ਰਾਏ ਬਹੁਤ ਬੁਰੀ ਤਰ੍ਹਾਂ ਵੰਡੀ ਹੋਈ ਹੈ।

'ਇੰਪੀਰੀਅਲ ਹਾਊਸਹੋਲਡ ਏਜੰਸੀ' ਨੇ ਦੱਸਿਆ ਕਿ ਮਾਕੋ ਅਤੇ ਉਸ ਦੇ ਪ੍ਰੇਮੀ ਕੇਈ ਕੋਮੂਰੋ ਦੇ ਇਸ ਵਿਆਹ ਦੇ ਦਸਤਾਵੇਜ਼ ਮਹਿਲ ਦੀ ਇੱਕ ਅਧਿਕਾਰੀ ਨੇ ਕੱਲ੍ਹ ਪੇਸ਼ ਕੀਤੇ। ਏਜੰਸੀ ਨੇ ਕਿਹਾ ਕਿ ਮਹਿਲ ਦੇ ਡਾਕਟਰਾਂ ਅਨੁਸਾਰ ਮਾਕੋ ਇਸ ਮਹੀਨੇ ਦੇ ਸ਼ੁਰੂ ਵਿੱਚ ਤਣਾਅ ਤੋਂ ਪੀੜਤ ਸੀ, ਜਿਸ ਤੋਂ ਉਹ ਠੀਕ ਹੋ ਰਹੀ ਹੈ। ਮਾਕੋ ਆਪਣੇ ਵਿਆਹ ਬਾਰੇ ਨੈਗੇਟਿਵ ਖ਼ਬਰਾਂ, ਖ਼ਾਸ ਕਰ ਕੇ ਕੋਮੂਰੋ ਨੂੰ ਨਿਸ਼ਾਨਾ ਬਣਾਉਣ ਕਾਰਨ ਬਹੁਤ ਤਣਾਅ ਵਿੱਚ ਸੀ।



ਵਿਆਹ ਤੋਂ ਬਾਅਦ ਕੋਈ ਰਿਸੈਪਸ਼ਨ ਜਾਂ ਹੋਰ ਰਸਮ ਨਹੀਂ ਹੋਵੇਗੀ। ਮਾਕੋ (30) ਸਮਰਾਟ ਨਰੂਹਿਤੋ ਦੀ ਭਤੀਜੀ ਹੈ। ਉਹ ਅਤੇ ਕੋਮੂਰੋ ਟੋਕੀਓ ਦੀ ਇੰਟਰਨੈਸ਼ਨਲ ਕ੍ਰਿਸਚੀਅਨ ਯੂਨੀਵਰਸਿਟੀ ਵਿੱਚ ਇਕੱਠੇ ਪੜ੍ਹਦੇ ਸਨ। ਉਨ੍ਹਾਂ ਨੇ ਸਤੰਬਰ 2017 ਵਿੱਚ ਵਿਆਹ ਕਰਨ ਦਾ ਐਲਾਨ ਕੀਤਾ ਸੀ ਪਰ ਦੋ ਮਹੀਨਿਆਂ ਬਾਅਦ ਕੋਮੂਰੋ ਦੀ ਮਾਂ ਨਾਲ ਜੁੜੇ ਇੱਕ ਵਿੱਤੀ ਵਿਵਾਦ ਕਾਰਨ ਵਿਆਹ ਨੂੰ ਟਾਲ ਦਿੱਤਾ ਗਿਆ ਸੀ। ਆਖਰ ਕੱਲ੍ਹ ਇਹ ਵਿਆਹ ਸਿਰੇ ਚੜ੍ਹ ਗਿਆ ਹੈ।

# ਜੈਫ ਬੇਜ਼ੋਸ ਦੀ ਕੰਪਨੀ ਨੇ ਨਿੱਜੀ ਪੁਲਾੜ ਕੇਂਦਰ ਬਣਾਉਣ ਲਈ ਪਹਿਲ ਕੀਤੀ

ਵਾਸ਼ਿੰਗਟਨ, 28 ਅਕਤੂਬਰ (ਪੋਸਟ ਬਿਊਰੋ)- ਈ-ਕਾਮਰਸ ਕੰਪਨੀ ਐਮਾਜ਼ੋਨ ਦੇ ਮੋਢੀ ਜੈਫ ਬੇਜ਼ੋਸ ਦੀ ਰਾਕਟ ਕੰਪਨੀ ਬਲਿਊ ਓਰੀਜਨ ਨੇ ਧਰਤੀ ਦੇ ਪੰਧ ਵਿੱਚ ਨਿੱਜੀ ਪੁਲਾੜ ਕੇਂਦਰ ਬਣਾਉਣ ਦੀ ਪਹਿਲ ਕੀਤੀ ਅਤੇ ਦੂਸਰੀਆਂ ਕੰਪਨੀਆਂ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ ਹੈ। ਇਸ ਕੰਪਨੀ ਨੇ ਇਸ ਯੋਜਨਾ ਤੋਂ ਕੱਲ੍ਹ ਪਰਦਾ ਚੁੱਕਿਆ ਤੇ ਕਿਹਾ ਕਿ ਨਿੱਜੀ ਪੁਲਾੜ ਕੇਂਦਰ, ਕੌਮਾਂਤਰੀ ਪੁਲਾੜ ਕੇਂਦਰ (ਆਈ ਐਸ ਐਸ) ਦਾ ਬਦਲ ਹੋ ਸਕਦਾ ਹੈ।


ਨਿੱਜੀ ਪੁਲਾੜ ਕੇਂਦਰ ਦਾ ਵਿਚਾਰ ਓਦੋਂ ਆਇਆ ਹੈ, ਜਦੋਂ ਅਮਰੀਕੀ ਪੁਲਾੜ ਏਜੰਸੀ ਨਾਸਾ 100 ਅਰਬ ਡਾਲਰ ਦੀ ਲਾਗਤ ਨਾਲ ਬਣੇ ਵੀਹ ਸਾਲ ਪੁਰਾਣੇ ਆਈ ਐਸ ਐਸ ਦਾ ਬਦਲ ਲੱਭ ਰਹੀ ਹੈ। ਇਹ ਪੁਲਾੜ ਕੇਂਦਰ ਆਪਣੇ ਯੁੱਗ ਦੀ ਸਮਾਪਤੀ ਵੱਲ ਇਸ਼ਾਰਾ ਕਰਨ ਲੱਗਾ




ਹੈ। ਅਜੇ ਇਹ ਸਪੱਸ਼ਟ ਨਹੀਂ ਕਿ 2030 ਤਕ ਧਰਤੀ ਦੇ ਹੇਠਲੇ ਪੰਧ ਵਿੱਚਕੋਈ ਹੋਰ ਕੇਂਦਰ ਬਣ ਸਕੇਗਾ ਜਾਂ ਨਹੀਂ। 2030 ਵਿੱਚ ਆਈ ਐਸ ਐਸ ਲਈ ਮਾਇਕ ਫੰਡਿਗ ਦੀ ਮਿਆਦ ਖਤਮ ਹੋ ਰਹੀ ਹੈ ਤੇ ਇਹ ਬਹੁਤ ਹੱਦ ਤਕ ਨਾਸਾ ਉੱਤੇ ਨਿਰਭਰ ਕਰੇਗਾ ਕਿ ਉਹ ਪੁਲਾੜ ਕੇਂਦਰ ਪ੍ਰੋਜੈਕਟ ਲਈ ਪਾਰਲੀਮੈਂਟ ਤੋਂ ਕਿੰਨਾ ਪੈਸਾ ਹਾਸਲ ਕਰ ਸਕਦੀ ਹੈ। ਨਿੱਜੀ ਪੁਲਾੜ ਕੰਪਨੀਆਂ ਨੂੰ ਕੇਂਦਰ ਦਾ ਕੰਮ ਸ਼ੁਰੂ ਕਰਨ ਲਈ ਏਜੰਸੀ ਵੱਲੋਂਚਾਲੀ ਕਰੋੜ ਡਾਲਰ ਤਕ ਦੇਣ ਦੀ ਯੋਜਨਾ ਹੈ।ਬਲਿਊ ਓਰੀਜਨ ਅਤੇ ਉਸ ਦੇ ਭਾਈਵਾਲਾਂ ਦੀ ਆਰਬਿਟਲ ਰੀਫ ਨਾਮਕ ਇਹ ਤਜਵੀਜ਼ ਸਿਰਫ ਡਿਜੀਟਲ ਐਨੀਮੇਸ਼ਨ ਤੇ ਡਰਾਈਂਗਾਂ ਤਕ ਸੀਮਿਤ ਹੈ, ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਸ ਨੂੰ ਮੌਜੂਦਾ ਦਹਾਕੇ ਦੇ ਅੰਤ ਤਕ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ। ਇਸ ਦਾ ਮੁਕਾਬਲਾ ਚੀਨ ਦੇ ਤਿਆਨਗੋਂਗ ਪੁਲਾੜ ਕੇਂਦਰ ਨਾਲ ਹੋਵੇਗਾ, ਜਿਸ ਦੇ ਅਗਲੇ ਸਾਲ ਤਕ ਪੂਰਾ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਆਈ ਐਸ ਐਸ ਵਿੱਚ ਖੋਜ ਦੀ ਸਹੂਲਤ ਦੇਣ ਵਾਲੀ ਕੰਪਨੀ ਲਾਕਹੀਡ ਮਾਰਟਿਨ ਤੇ ਨੈਨੋਰੈਕਸ ਨੇ ਪਿਛਲੇ ਹਫਤੇ ਦਾਅਵਾ ਕੀਤਾ ਹੈ ਕਿ ਉਸ ਕੋਲ ਉਸ ਦਾ ਆਪਣਾ ਪੁਲਾੜ ਕੇਂਦਰ ਹੈ, ਜਿਸ ਦਾ ਨਾਂਅ ਸਟਾਰਲੈਬ ਹੈ। ਸੰਭਾਵਨਾ ਹੈ ਕਿ ਆਰਬੀਟਲ ਰੀਫ ਪ੍ਰੋਜੈਕਟ ਵਿੱਚ ਬੇਜ਼ੋਸ ਵੱਡਾ ਨਿਵੇਸ਼ ਕਰ ਸਕਦੇ ਹਨ। ਉਨ੍ਹਾਂ ਬਲਿਊ ਓਰੀਜਨ ਉੱਤੇ ਇੱਕ ਅਰਬ ਡਾਲਰ ਦੇ ਖਰਚ ਤੇ ਪੁਲਾੜ ਵਿੱਚ ਲੋਕਾਂ ਦੇ ਰਹਿਣ ਤੇ ਕੰਮ ਕਰਨ ਵਰਗੀਆਂ ਸਥਿਤੀਆਂ ਪੈਦਾ ਕਰਨ ਦੇ ਟੀਚੇ ਦਾ ਐਲਾਨ ਕੀਤਾ ਹੈ। 2000 ਵਿੱਚ ਸਥਾਪਤ ਇਸ ਕੰਪਨੀ ਨੇ ਪੁਲਾੜ ਵਿੱਚ ਸੈਰ ਸਪਾਟਾ ਕਰਵਾਉਣ ਦੀ ਯੋਜਨਾ ਲਾਂਚ ਕੀਤੀ ਹੈ।

## 'ਚਾਈਨਾ ਵਾਇਰਸ' ਸ਼ਬਦ ਲਈ ਅਮਰੀਕੀ ਫੁੱਟਬਾਲ ਟੀਮ ਦੇ ਕੈਪਟਨ ਨੇ ਮੁਆਫ਼ੀ ਮੰਗੀ

ਹਿਊਸਟਨ, 28 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੀ ਇੱਕ ਪੇਸ਼ੇਵਰ ਫੁੱਟਬਾਲ ਟੀਮ ਹਿਊਸਟਨ ਟੈਕਸਾਸ ਦੇ ਪ੍ਰਧਾਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਕੈਲ ਮੈਕਨਾਇਰ ਨੇ ਮਈ ਵਿੱਚ ਟੀਮ ਦੇ ਇੱਕ ਚੈਰਿਟੀ ਗੋਲਫ ਟੂਰਨਾਮੈਂਟ ਦੇ ਦੌਰਾਨ ਕੋਰੋਨਾ ਵਾਇਰਸ ਲਈ 'ਚਾਇਨਾ ਵਾਇਰਸ' ਸ਼ਬਦ ਦੀ ਵਰਤੋਂ ਕਰਨ ਉੱਤੇ ਮੁਆਫ਼ੀ ਮੰਗੀ ਹੈ। ਕੋਰੋਨਾ ਵਾਇਰਸ ਲਈ 'ਚਾਇਨਾ ਵਾਇਰਸ' ਸ਼ਬਦ ਦੀ ਵਰਤੋਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਕਸਰ ਕਰਦੇ ਸਨ। ਕਈ ਲੋਕ ਇਸ ਨੂੰ ਏਸ਼ੀਆਈ ਲੋਕਾਂ ਪ੍ਰਤੀ ਗਲਤ ਰੁਖ ਮੰਨਦੇ ਹਨ, ਕਿਉਂਕਿ ਇਨ੍ਹਾਂ ਸ਼ਬਦਾਂ ਬਹਾਨੇ ਕੋਵਿਡ-19 ਲਈ ਚੀਨ ਨੂੰ ਜ਼ਿੰਮੇਦਾਰ ਠਹਿਰਾਇਆ ਜਾਂਦਾ ਹੈ। ਕੋਵਿਡ-19 ਦਾ ਪਹਿਲਾ ਕੇਸ ਚੀਨ ਦੇ ਵੂਹਾਨ ਵਿੱਚ ਦਸੰਬਰ 2019 ਵਿੱਚ ਸਾਹਮਣੇ ਆਇਆ ਸੀ।




# ਪਾਕਿਸਤਾਨ ਨੇ ਬਲੈਕ ਡੇ ਮਨਾ ਕੇ ਫਿਰ ਕਸ਼ਮੀਰ ਦਾ ਰੋਣਾ ਰੋਇਆ

ਇਸਲਾਮਾਬਾਦ, 28 ਅਕਤੂਬਰ (ਪੋਸਟ ਬਿਊਰੋ)- ਜੰਮੂ ਕਸ਼ਮੀਰ ਬਾਰੇ ਪਾਕਿ-ਸਤਾਨ ਆਪਣਾ ਏਜੰਡਾ ਸੈਟਿੰਗ ਕਰਨ ਦੇ ਲਈ ਕਾਮਯਾਬ ਨਹੀਂ ਹੋ ਰਿਹਾ। ਇਸ ਦੌਰਾਨ ਉਸ ਨੇ ਕੱਲ੍ਹ ਬਲੈਕ ਡੇ ਮਨਾ ਕੇ ਕਸ਼ਮੀਰ ਦਾ ਰੋਣਾ ਰੋਇਆ ਹੈ।

ਇਸ ਮੌਕੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਟਵੀਟ ਕਰ ਕੇ ਕਿਹਾ ਕਿ ਅੱਜ ਦੁਨੀਆ ਭਰ ਵਿੱਚ ਪਾਕਿਸਤਾਨੀ ਅਤੇ ਕਸ਼ਮੀਰੀ ਲੋਕ ਕਸ਼ਮੀਰ ਬਾਰੇ ਕਾਲਾ ਦਿਵਾਸ ਮਨਾਉਂਦੇ ਹਨ, ਕਿਉਂਕਿ ਅੱਜ ਦੇ ਦਿਨ ਭਾਰਤੀ ਫੌਜੀ ਕਸ਼ਮੀਰ ਉੱਤੇ ਕਬਜ਼ਾ ਕਰਨ ਅਤੇ ਲੋਕਾਂ ਨੂੰ ਅਧੀਨ ਕਰਨ ਲਈ ਸ੍ਰੀਨਗਰ ਵਿੱਚ ਉਤਰੀ ਸੀ। ਸਾਲ 1947 ਦੇ ਉਸ ਕਾਲੇ ਦਿਨ ਦੇ ਬਾਅਦ ਤੋਂ ਭਾਰਤ ਦਾ ਨਾਜਾਇਜ਼ ਕਬਜ਼ਾ ਕਸ਼ਮੀਰੀਆਂ ਦੇ ਆਜ਼ਾਦੀ ਜਹਾਦ ਨੂੰ ਕਮਜ਼ੋਰ ਕਰਨ ਵਿੱਚ ਅਸਫਲ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰੀਆਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਇਮਰਾਨ ਖਾਨ ਨੇ ਕਿਹਾ, ਫਾਸ਼ੀਵਾਦੀ ਭਾਜਪਾ ਸ਼ਾਸਨ ਨੇ ਭਾਰਤੀ ਨਾਜਾਇਜ਼ ਕਬਜ਼ੇ ਵਾਲੇ ਜੰਮੂ ਅਤੇ ਕਸ਼ਮੀਰ ਵਿੱਚ ਕਰੂਰਤਾਂ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਕਸ਼ਮੀਰ ਕਾਲਾ ਦਿਵਸ ਮੌਕੇ ਉੱਤੇ ਇੱਕ ਸੰਦੇਸ਼ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਦੁਨੀਆ ਨੂੰ ਯੂ ਐਨ ਸਕਿਓਰਿਟੀ ਕੌਂਸਲ ਦੇ ਮਤਿਆਂ ਅਨੁਸਾਰ ਆਪਣੇ ਭਵਿੱਖ ਦਾ ਫੈਸਲਾ ਕਰਨ ਲਈ ਕਸ਼ਮੀਰੀਆਂ ਦੇ ਅਧਿਕਾਰ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ।

ਇਮਰਾਨ ਖਾਨ ਨੇ ਕਿਹਾ ਕਿ ਪਿਛਲੇ ਸੱਤ ਦਹਾਕਿਆਂ ਤੋਂ ਭਾਰਤੀ ਕਬਜੇ ਵਾਲੀਆਂ ਤਾਕਤਾਂ ਦੇ ਸ਼ੋਸ਼ਣ ਅਤੇ ਜ਼ੁਲਮ ਦੇ ਬਾਵਜੂਦ ਕਸ਼ਮੀਰੀ ਲੋਕ ਭਾਰਤ ਤੋਂ ਆਜ਼ਾਦੀ ਲੈਣ ਦੇ ਲਈ ਦ੍ਰਿੜ ਹਨ। ਉਨ੍ਹਾਂ ਨੇ ਕਿਹਾ, ਅਸੀਂ ਔਰਤਾਂ ਅਤੇ ਬੱਚਿਆਂ ਸਮੇਤ ਕਸ਼ਮੀਰੀਆਂ ਦੇ ਸਾਹਸ ਅਤੇ ਦ੍ਰਿੜ ਸੰਕਲਪ ਨੂੰ ਸਲਾਮ ਕਰਦੇ ਹਾਂ।

# ਸੂਡਾਨ ਵਿੱਚ ਰਾਜ ਪਲਟੇ ਮਗਰੋਂ ਮੁਜ਼ਹਰਾਕਾਰੀਆਂ ਨੇ ਸੜਕਾਂ ਰੋਕੀਆਂ

ਕਾਹਿਰਾ, 28 ਅਕਤੂਬਰ (ਪੋਸਟ ਬਿਊਰੋ)- ਸੂਡਾਨ ਦੀ ਰਾਜਧਾਨੀ ਵਿੱਚ ਲੋਕਤੰਤਰ ਹਮਾਇਤੀ ਪ੍ਰਦਰਸ਼ਨਕਾਰੀਆਂ ਨੇ ਆਰਜ਼ੀ ਬੈਰੀਕੇਡਿੰਗ ਕਰ ਕੇ ਅਤੇ ਟਾਇਰ ਫੂਕ ਕੇ ਕੱਲ੍ਹ ਕੁਝ ਸੜਕਾਂ ਉੱਤੇ ਆਵਾਜਾਈ ਰੋਕ ਦਿੱਤੀ ਹੈ।

< ਵਰਨਣ ਯੋਗ ਹੈ ਕਿ ਇਸ ਦੇਸ਼ ਵਿੱਚ ਰਾਜ ਪਲਟੇ ਤੋਂ ਇੱਕ ਦਿਨ ਬਾਅਦ ਮੁਜ਼ਾਹਰਾਕਾਰੀਆਂ ਨੇ ਇਹ ਕਾਰਵਾਈ ਕੀਤੀ ਹੈ। ਸੂਡਾਨ ਵਿੱਚ ਫੌਜ ਵੱਲੋਂ ਕੀਤੇ ਗਏ ਰਾਜ ਪਲਟੇ ਦੀ ਕੌਮਾਂਤਰੀ ਭਾਈਚਾਰੇ ਨੇਵੀ ਆਲੋਚਨਾ ਕੀਤੀ ਹੈ। ਪ੍ਰਧਾਨ ਮੰਤਰੀ ਤੇ ਸੀਨੀਅਰ ਅਧਿਕਾਰੀਆਂ ਨੂੰ ਪਰਸੋਂ ਫੌਜ ਨੇ ਗ੍ਰਿਫਤਾਰ ਕਰ ਲਿਆ ਅਤੇ ਰਾਜਧਾਨੀ ਖਰਤੂਮ ਦੇ ਬਾਹਰ ਫੌਜੀ ਕੈਂਪ ਵਿੱਚਪੁਚਾ ਦਿੱਤਾ ਸੀ। ਫੌਜੀ ਕਬਜ਼ੇ ਨੇ ਸੂਡਾਨ ਵਿੱਚ ਪਿਛਲੇ ਦੋ ਸਾਲਾਂ ਤੋਂ ਚੱਲ ਰਹੀ ਜਮਹੂਰੀਕਰਨ ਦੀ ਪ੍ਰਕਿਰਿਆ ਨੂੰ ਲੀਹੋਂ ਲਾਹੁਣ ਦਾ ਖਤਰਾ ਬਣਾ ਦਿੱਤਾ ਹੈ। ਯੂ ਐੱਨ ਸਕਿਓਰਿਟੀ ਕੌਂਸਲ ਸੂਡਾਨ ਦੇ ਹਾਲਾਤ ਉੱਤੇ ਚਰਚਾ ਕਰੇਗੀ।



ਦੂਸਰੇ ਪਾਸੇ ਪੱਛਮੀ ਮੁਲਕਾਂ ਦੀਆਂ ਸਰਕਾਰਾਂ ਨੇ ਸੂਡਾਨ ਵਿੱਚ ਰਾਜ ਪਲਟੇ ਦੀ ਨਿੰਦਾ ਕੀਤੀ ਅਤੇ ਪ੍ਰਧਾਨ ਮੰਤਰੀ ਅਬਦੁੱਲਾ ਹਮਦੋਕ ਤੇ ਹੋਰ ਅਧਿਕਾਰੀਆਂ ਨੂੰ ਰਿਹਾਅ ਕਰਨ ਲਈ ਕਿਹਾ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਦੀ ਸਰਕਾਰ ਨੇ ਸੂਡਾਨ ਨੂੰ 70 ਕਰੋੜ ਡਾਲਰ ਦੀ ਹੰਗਾਮੀ ਮਦਦ ਬੰਦ ਕਰਨ ਦਾ ਐਲਾਨ ਕੀਤਾ ਹੈ। ਗੈਰ ਫੌਜੀ ਸਰਕਾਰ ਨੂੰ ਬਹਾਲ ਕਰਨ ਦੀ ਮੰਗ ਲਈ ਮੁਜ਼ਾਹਰਾ ਕਰਦੇ ਲੋਕਾਂ ਨੇ ਸਮੂਹਿਕ ਰੋਸ ਮਾਰਚਾਂ ਦਾ ਸੱਦਾ ਦਿੱਤਾ ਹੈ।

ਸਾਬਕਾ ਤਾਨਾਸ਼ਾਹ ਉਮਰ ਅਲ-ਬਸ਼ੀਰ ਨੂੰ ਸੱਤਾ ਤੋਂ ਹਟਾਉਣਪਿੱਛੋਂ ਜਮਹੂਰੀ ਸਰਕਾਰ ਬਣਾਉਣ ਦੇ ਯਤਨਾਂਦੇ ਦੌਰਾਨ ਪਰਸੋਂ ਫੌਜ ਨੇ ਰਾਜ ਪਲਟਾ ਕਰ ਕੇ ਕੰਟਰੋਲ ਆਪਣੇ ਹੱਥ ਲੈ ਲਿਆ ਸੀ। ਇਸ ਵਿਰੁੱਧ ਸੂਡਾਨ ਦੇ ਲੋਕਾਂ ਨੇ ਕਈ ਸ਼ਹਿਰਾਂ ਵਿੱਚ ਰੋਸ ਮੁਜ਼ਾਹਰੇ ਕੀਤੇ ਸਨ। ਸੂਡਾਨ ਡਾਕਟਰਜ਼ ਕਮੇਟੀ ਅਨੁਸਾਰ ਖਰਤੂਮ ਵਿੱਚ ਸੁਰੱਖਿਆ ਦਸਤਿਆਂ ਵੱਲੋਂ ਕੀਤੀ ਗੋਲੀਬਾਰੀ ਵਿੱਚ ਘੱਟੋ ਘੱਟ ਚਾਰ ਮੁਜ਼ਾਹਰਾਕਾਰੀਆਂ ਦੀ ਮੌਤ ਹੋ ਗਈ ਤੇ80 ਤੋਂ ਵੱਧ ਜ਼ਖਮੀ ਹੋਏ ਹਨ। ਖਰਤੂਮ ਅਤੇ ਓਮਦੁਰਮਨ ਵਿੱਚ ਸੜਕਾਂ ਉੱਤੇ ਬੈਰੀਕੇਡਿੰਗ ਕੀਤੀ ਗਈ ਤੇ ਟਾਇਰ ਸਾੜ ਕੇ ਸੜਕਾਂ ਬੰਦ ਕਰ ਦਿੱਤੀਆਂ ਗਈਆਂ ਹਨ। ਫੌਜ ਤੇ ਹੋਰ ਸੁਰੱਖਿਆ ਦਸਤੇ ਮੁਜ਼ਾਹਰਾਕਾਰੀਆਂ ਨੂੰ ਤਿੱਤਰ-ਬਿੱਤਰ ਕਰਨ ਲੱਗੇ ਹੋਏ ਹਨ।

## ਨੇਪਾਲ ਦੇ ਚੀਫ ਜਸਟਿਸ ਵੱਲੋਂ ਅਹੁਦਾ ਛੱਡਣ ਤੋਂ ਇਨਕਾਰ

ਕਾਠਮੰਡੂ, 28 ਅਕਤੂਬਰ (ਪੋਸਟ ਬਿਊਰੋ)- ਨੇਪਾਲੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਚੋਲੇਂਦਰ ਸ਼ਮਸ਼ੇਰ ਰਾਣਾ ਉੱਤੇ ਦੋਸ਼ ਲੱਗੇ ਹਨ ਕਿ ਉਸ ਨੇ ਆਪਣੇ ਰਿਸ਼ਤੇਦਾਰ ਨੂੰ ਸ਼ੇਰ ਬਹਾਦਰ ਦਿਉਬਾ ਦੀ ਅਗਵਾਈ ਹੇਠਲੀ ਸਰਕਾਰ ਵਿੱਚ ਮੰਤਰੀ ਬਣਾਉਣ ਲਈ ਗੰਢ-ਤੁੱਪ ਕੀਤੀ ਸੀ। ਇਹ ਦੋਸ਼ ਜਨਤਕ ਹੋਣ ਮਗਰੋਂ ਸੰਕਟ ਖੜ੍ਹਾ ਹੋ ਗਿਆ ਹੈ, ਪਰ ਚੀਫ ਜਸਟਿਸ ਨੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਸੁਪਰੀਮ ਕੋਰਟ ਦੇ ਕੁਝ ਜੱਜਾਂ ਨੇ ਚੀਫ ਜਸਟਿਸ ਦਾ ਅਸਤੀਫਾ ਮੰਗਿਆ ਹੈ, ਜਦ ਕਿ ਕੁਝ ਵਕੀਲਾਂ ਨੇ ਸੁਪਰੀਮ ਕੋਰਟ ਦੇ ਬਾਈਕਾਟ ਦਾ ਫੈਸਲਾ ਲਿਆ ਹੈ। ਇਸ ਕੋਰਟ ਦੇ 15 ਜੱਜਾਂ ਨਾਲ ਬੀਤੇ ਦਿਨੀਂ ਹੋਈ ਮੀਟਿੰਗ ਦੌਰਾਨ ਜਸਟਿਸ ਚੋਲੇਂਦਰ ਸ਼ਮਸ਼ੇਰ ਰਾਣਾ ਨੇ ਕਿਹਾ ਕਿ ਉਹ ਸਿਰਫ ਇੰਨੀ ਗੱਲ ਪਿੱਛੇ ਅਹੁਦਾ ਨਹੀਂ ਛੱਡਣਗੇ ਕਿ ਉਨ੍ਹਾਂ ਖਿਲਾਫ ਮੀਡੀਆ ਤੇ ਸੜਕਾਂ ਉੱਤੇ ਆਵਾਜ਼ ਚੁੱਕੀ ਜਾ ਰਹੀ ਹੈ। ਸੁਪਰੀਮ ਕੋਰਟ ਦੇ ਬੁਲਾਰੇ ਬਾਬੂਰਾਮ ਦਾਹਲ ਨੇ ਕਿਹਾ, ''ਜਸਟਿਸ ਰਾਣਾ ਨੇ ਜੱਜਾਂ ਨੂੰ ਦੱਸਿਆ ਕਿ ਉਹ ਅਹੁਦਾ ਨਾ ਛੱਡ ਕੇ ਸੰਵਿਧਾਨਕ ਪ੍ਰਕਿਰਿਆ ਦਾ ਸਾਹਮਣਾ ਕਰਨਗੇ। ਉਹ ਕਿਸੇ ਦਬਾਅ ਹੇਠ ਅਹੁਦਾ ਨਹੀਂ ਛੱਡਣਗੇ, ਸਗੋਂ ਜੇ ਲੋੜ ਪਈ ਤਾਂ ਕਾਨੂੰਨੀ ਪ੍ਰਕਿਰਿਆ ਅੱਗੇ ਖੜੇ ਹੋਣਗੇ।'' ਨੇਪਾਲ ਬਾਰ ਐਸੋਸੀਏਸ਼ਨ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਜਸਟਿਸ ਰਾਣਾ ਨੇ ਅਸਤੀਫਾ ਨਾ ਦਿੱਤਾ ਤਾਂ ਦੇਸ਼ ਵਿਆਪੀ ਪ੍ਰਦਰਸ਼ਨ ਕੀਤੇ ਜਾਣਗੇ। ਕੁਝ ਜੱਜਾਂ ਨੇ ਕੱਲ੍ਹ ਵੀ ਸੁਪਰੀਮ ਕੋਰਟ ਵਿੱਚ ਆਮ ਵਾਂਗ ਕੰਮ ਕੀਤਾ।

ਸੰਵਿਧਾਨ ਮੁਤਾਬਕ ਪ੍ਰਤੀਨਿਧ ਸਭਾ ਦੇ 25 ਫੀਸਦੀ ਕਾਨੂੰਨਘਾੜੇ ਚੀਫ ਜਸਟਿਸ ਖਿਲਾਫ ਮਹਾਦੋਸ਼ ਦਾ ਮਤਾ ਲਿਆ ਸਕਦੇ ਹਨ ਅਤੇ ਉਸ ਨੂੰ ਹਟਾਉਣ ਲਈ ਦੋ ਤਿਹਾਈ ਵੋਟਾਂ ਦੀ ਲੋੜ ਹੋਵੇਗੀ।

# ਟੀਪੀਏਆਰ ਕਲੱਬ ਨੇ ਬੋਸਟਨ ਮੈਰਾਥਨ ਰੱਨਰ ਧਿਆਨ ਸਿੰਘ ਸੋਹਲ ਨੂੰ ਸੋਨੇ ਦੇ ਮੈਡਲ ਨਾਲ ਕੀਤਾ ਸਨਮਾਨਿਤ

## ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ, ਗੁਰਪ੍ਰੀਤ ਢਿੱਲੋਂ, ਹਰਕੀਰਤ ਸਿੰਘ, ਸਟੇਸੀ ਕੈਪੈਰਿਸ ਤੇ ਕਈ ਹੋਰ ਪਤਵੰਤੇ ਸਮਾਗਮ ਵਿਚ ਸ਼ਾਮਲ ਹੋਏ








ਬਰੈਂਪਟਨ, (ਡਾ. ਝੰਡ) - ਟੀ.ਪੀ.ਏ.ਆਰ. ਕਲੱਬ ਵੱਲੋਂ ਆਪਣੇ ਸਰਗਰਮ ਮੈਂਬਰ ਧਿਆਨ ਸਿੰਘ ਸੋਹਲ ਜਿਨ੍ਹਾਂ ਨੇ 11 ਅਕਤੂਬਰ ਨੂੰ ਬੋਸਟਨ ਵਿਖੇ ਹੋਈ ਵਿਸ਼ਵ-ਪੱਧਰੀ ਮੈਰਾਥਨ ਵਿਚ ਸਫ਼ਲਤਾ ਪੂਰਵਕ ਹਿੱਸਾ ਲੈ ਕੇ ਪੰਜਾਬੀ ਕਮਿਊਨਿਟੀ ਦਾ ਨਾਂ ਸਾਰੀ ਦੁਨੀਆਂ ਵਿਚ ਮਾਣ ਵਧਾਇਆ ਹੈ, ਨੂੰ ਸਨਮਾਨਿਤ ਕਰਨ ਲਈ ਲੰਘੇ ਸ਼ੁਕਰਵਾਰ 22 ਅਕਤੂਬਰ ਨੂੰ ਗਰੇਟਰ ਟੋਰਾਂਟੋ ਮੌਰਟਗੇਜਜ਼ ਦੇ ਦਫ਼ਤਰ ਵਿਚ ਇਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਮਿਆਰੀ ਮੈਰਾਥਨ ਵਿਚ ਖੁੱਲ੍ਹੀ ਦਾੜ੍ਹੀ ਵਾਲੇ ਦਸਤਾਰਧਾਰੀ ਧਿਆਨ ਸਿੰਘ ਇਕੱਲੇ ਹੀ ਦੌੜਾਕ ਸਨ ਅਤੇ ਇਸ ਸਿੱਖੀ ਸਰੂਪ ਸਦਕਾ ਉਹ ਮੈਰਾਥਨ ਦੌੜ ਦੇ ਸੜਕੀ ਰੂਟ ਦੇ ਦੋਹੀਂ ਪਾਸੀਂ ਇਕੱਤਰ ਹੋਏ ਲੱਖਾਂ ਲੋਕਾਂ ਦੇ ਧਿਆਨ ਤੇ ਖਿੱਚ ਦਾ ਕੇਂਦਰ-ਬਿੰਦੂ ਬਣੇ ਹੋਏ ਸਨ। ਲੋਕ ਧਿਆਨ ਸਿੰਘ ਦੀ ਟੀ-ਸ਼ਰਟ ਉੱਤੇ ਅੰਗਰੇਜ਼ੀ ਵਿਚ ਵੱਡੇ ਅੱਖਰਾਂ ਵਿਚ ਛਪੇ ਹੋਏ ਨਾਂ ਨੂੰ ਵੇਖ ਕੇ "ਗੋ ਧਿਆਨ, ਗੋ ਧਿਆਨ" ਦੇ ਨਾਅਰਿਆਂ ਨਾਲ ਉਨ੍ਹਾਂ ਨੂੰ ਹੱਲਾਸ਼ੇਰੀ ਦੇ ਰਹੇ ਸਨ।

ਸਮਾਗ਼ਮ ਵਿਚ ਸ਼ਾਮਲ ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ, ਰੀਜਨਲ ਕੌਂਸਲਰ ਗੁਰਪ੍ਰੀਤ ਸਿੰਘ ਢਿੱਲੋਂ, ਸਿਟੀ ਕੌਂਸਲਰ ਹਰਕੀਰਤ ਸਿੰਘ, ਮੈਟਾਕੋਰ ਕੰਪਨੀ ਦੀ ਮੈਨੇਜਿੰਗ ਡਾਇਰੈਕਟਰ ਸਟੇਸੀ ਕੈਪੈਰਿਸ, ਸਮਾਜ-ਸੇਵੀ ਭਜਨ ਸਿੰਘ ਥਿੰਦ, ਜੀ.ਟੀ.ਐੱਮ. ਦੇ ਕਰਤਾ-ਧਰਤਾ ਬਲਜਿੰਦਰ ਲੇਲਣਾ, ਸੁਭਾਸ਼ ਸ਼ਰਮਾ, 'ਪੰਜਾਬੀ ਪੋਸਟ' ਦੇ ਮੁੱਖ- ਸੰਪਾਦਕ ਜਗਦੀਸ਼ ਗਰੇਵਾਲ, ਬੋਸਟਨ, ਨਿਊਯੌਰਕ, ਬਰਲਿਨ ਤੇ ਕਈ ਹੋਰ ਕਈ ਮਿਆਰੀ ਮੈਰਾਥਨਾਂ ਦੇ ਦੌੜਾਕ ਸੂਰਤ ਸਿੰਘ ਚਾਹਲ ਅਤੇ ਹੋਰ ਪਤਵੰਤਿਆਂ ਦੀ ਹਾਜ਼ਰੀ ਵਿਚ ਕਲੱਬ ਦੇ ਸੱਭ ਤੋਂ ਸੀਨੀਅਰ ਮੈਂਬਰ ਇੰਜੀ. ਈਸ਼ਰ ਸਿੰਘ ਵੱਲੋਂ ਸੋਨੇ ਦਾ ਮੈਡਲ ਧਿਆਨ ਸਿੰਘ ਸੋਹਲ ਦੇ ਗਲ਼ ਵਿਚ ਪਾ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗ਼ਮ ਦੇ ਆਰੰਭ ਵਿਚ ਮੰਚ-ਸੰਚਾਲਕ ਨਰਿੰਦਰਪਾਲ ਬੈਂਸ ਵੱਲੋਂ ਬੜੇ ਭਾਵਪੂਰਤ ਸ਼ਬਦਾਂ ਵਿਚ ਕਲੱਬ ਦੇ ਮੈਂਬਰ ਜਸਵਿੰਦਰ ਜੱਸੀ ਵੜੈਚ ਦੇ ਬੀਤੇ ਦਿਨੀਂ ਹੋਏ ਅਚਾਨਕ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਸਾਰਿਆਂ ਵੱਲੋਂ ਇਕ ਮਿੰਟ ਦਾ ਮੋਨ ਰੱਖਿਆ ਗਿਆ। ਉਪਰੰਤ, ਮੇਅਰ ਪੈਟ੍ਰਿਕ ਬਰਾਊਨ ਨੂੰ ਸਨਮਾਨਿਤ ਕਰਨ ਲਈ ਉਨ੍ਹਾਂ ਨੂੰ ਬੋਸਟਨ ਮੈਰਾਥਨ ਵਿਚ ਧਿਆਨ ਸਿੰਘ ਸੋਹਲ ਵੱਲੋਂ ਪਹਿਨੀ ਗਈ ਟੀ-ਸ਼ਰਟ ਦੇ ਰੂਪ ਦਾ ਸ਼ਾਨਦਾਰ ਮੋਮੈਂਟੋ ਜਿਸ ਉੱਪਰ ਸਪਾਂਸਰਾਂ ਦੇ ਲੋਗੋ ਪ੍ਰਿੰਟ ਕੀਤੇ ਗਏ ਸਨ, ਸਭਾ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ ਧਿਆਨ ਸਿੰਘ ਸੋਹਲ ਵੱਲੋਂ ਭੇਂਟ ਕੀਤਾ ਗਿਆ। ਆਪਣੇ ਸੰਬੋਧਨ ਵਿਚ ਮੇਅਰ ਬਰਾਊਨ ਨੇ ਕਲੱਬ ਦੀਆਂ ਸਰਗ਼ਰਮੀਆਂ ਦੀ ਸਰਾਹਨਾ ਕਰਦਿਆਂ ਹੋਇਆਂ ਧਿਆਨ ਸਿੰਘ ਨੂੰ ਉਨ੍ਹਾਂ ਦੀ ਇਸ ਵੱਡੀ ਪ੍ਰਾਪਤੀ 'ਤੇ ਹਾਰਦਿਕ ਵਧਾਈ ਦਿੱਤੀ।

ਇਸ ਮੌਕੇ ਆਪਣੇ ਸੰਬੋਧਨਾਂ ਵਿਚ ਰੀਜਨਲ ਕੌਂਸਲਰ ਗੁਰਪ੍ਰੀਤ ਸਿੰਘ ਢਿੱਲੋਂ, ਸਿਟੀ ਕੌਂਸਲਰ ਹਰਕੀਰਤ ਸਿੰਘ, ਮੈਟਕੋਰ ਕੰਪਨੀ ਦੀ ਮੈਨੇਜਿੰਗ ਡਾਇਰੈਕਟਰ ਮਿਸ ਸਟੇਸੀ ਕੈਪੈਰਿਸ, ਇਸ ਕੰਪਨੀ ਵਿਚ ਕੰਮ ਕਰ ਰਹੇ ਧਿਆਨ ਸਿੰਘ ਦੇ ਸੁਪਰਵਾਈਜ਼ਰ ਰਾਜ ਅਤੇ ਪੱਤਰਕਾਰ ਸੱਤਪਾਲ ਜੌਹਲ ਵੱਲੋਂ ਵੀ ਧਿਆਨ ਸਿੰਘ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਕੋਚ ਕਰਮਜੀਤ ਸਿੰਘ ਅਤੇ ਕਲੱਬ ਦੇ ਸਮੂਹ ਮੈਂਬਰਾਂ ਨੂੰ ਮੁਬਾਰਕਬਾਦ ਦਿੱਤੀ ਗਈ। ਪਰਿਵਾਰਕ ਮੈਂਬਰਾਂ ਵਿਚੋਂ ਇਸ ਸਮੇਂ ਧਿਆਨ ਸਿੰਘ ਦੀ ਪਤਨੀ ਗੁਰਦੇਵ ਕੌਰ ਅਤੇ ਉਨ੍ਹਾਂ ਦੀ ਨੂੰਹ ਗੁਰਜੀਤ ਕੌਰ ਹਾਜ਼ਰ ਸਨ, ਜਦਕਿ ਕੋਚ ਕਰਮਜੀਤ ਸਿੰਘ ਕਿਸੇ ਪਰਿਵਾਰਕ ਰੁਝੇਵੇਂ ਕਾਰਨ ਸਮਾਗਮ ਵਿਚ ਸ਼ਾਮਲ ਨਾ ਹੋ ਸਕੇ। ਸਮਾਗ਼ਮ ਦੌਰਾਨ ਬੋਸਟਨ ਮੈਰਾਥਨ ਵਿਚ ਧਿਆਨ ਸਿੰਘ ਸੋਹਲ ਦੀ ਸ਼ਮੂਲੀਅਤ ਨੂੰ ਸਪਾਂਸਰ ਕਰਨ ਵਾਲੇ ਸਪਾਂਸਰਾਂ ਲੀਜੈਂਡ ਟਾਇਰਜ਼, ਰੈੱਡ ਰੌਕ, ਕੌਨੈੱਕਸ ਇਨਸ਼ੋਅਰੈਂਸ ਬਰੋਕਰਜ਼, ਬਰੈਂਪਟਨ ਪੇਂਟਿੰਗ, ਜੀ.ਟੀ.ਐੱਮ., ਦੇਸੀ ਚੱਕੀ ਮਿੱਲਟ ਫ਼ਲੋਰ, ਏਕਰਸ, ਕੈਨੇਡੀਅਨ ਪੰਜਾਬੀ ਪੋਸਟ, ਇੰਸਪੀਸੇਸ਼ਨਲ ਸਟੈੱਪਸ ਅਤੇ ਐੱਨਲਾਈਟ ਕਿਡਜ ਨੂੰ ਵੀ ਕਲੱਬ ਵੱਲੋਂ ਸਨਮਾਨਿਤ ਕੀਤਾ ਗਿਆ। ਉਪਰੰਤ, ਸਮਾਗ਼ਮ ਵਿਚ ਹਾਜ਼ਰ ਸਾਰੇ ਮੈਂਬਰਾਂ ਅਤੇ ਮਹਿਮਾਨਾਂ ਨੇ ਮਿਲ ਕੇ ਸ਼ਾਨਦਾਰ ਲੰਚ ਦਾ ਅਨੰਦ ਮਾਣਿਆਂ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਧਿਆਨ ਸਿੰਘ ਸੋਹਲ ਦੇ ਨਾਲ ਬਰੈਂਪਟਨ ਦੇ ਇਕ ਹੋਰ ਮੈਰਾਥਨ ਰੱਨਰ ਸਵਰਨ ਸਿੰਘ ਵੱਲੋਂ ਵੀ 11 ਅਕਤੂਬਰ ਨੂੰ ਹੋਈ ਬੋਸਟਨ ਮੈਰਾਥਨ ਵਿਚ ਹਿੱਸਾ ਲਿਆ ਗਿਆ। ਇਨ੍ਹਾਂ ਦੋਹਾਂ ਦੌੜਾਕਾਂ ਦੀ ਹੌਸਲਾ-ਅਫ਼ਜ਼ਾਈ ਲਈ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ ਦੋ ਹੋਰ ਮੈਂਬਰ ਜਗਤਾਰ ਸਿੰਘ ਗਰੇਵਾਲ ਅਤੇ ਅਵਤਾਰ ਸਿੰਘ ਪਿੰਕੀ ਵੀ ਉਨ੍ਹਾਂ ਦੇ ਨਾਲ ਗਏ ਸਨ। ਇਸ ਮੌਕੇ ਧਿਆਨ ਸਿੰਘ ਸੋਹਲ ਵੱਲੋਂ ਇਸ ਮੌਕੇ ਪਹਿਨੀ ਗਈ ਲਾਲ ਰੰਗ ਦੀ ਟੀ-ਸ਼ਰਟ ਦੇ ਸਾਹਮਣੇ ਪਾਸੇ ਮੋਟੇ ਅੱਖਰਾਂ ਵਿਚ ਕੈਨੇਡਾ, ਟੀਪੀਏਆਰ ਕਲੱਬ ਤੇ ਬੋਸਟਨ ਮੈਰਾਥਨ ਦੇ ਲੋਗੋ, ਅਤੇ ਪਿਛਲੇ ਪਾਸੇ ਫ਼ਲਾਵਰ ਸਿਟੀ ਬਰੈਂਪਟਨ ਸਮੇਤ 10 ਸਪਾਂਸਰਾਂ ਦੇ ਲੋਗੋ ਪ੍ਰਿੰਟ ਕੀਤੇ ਗਏ ਸਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਕਵਾਰਥਾ ਲੇਕਸ ਏਰੀਆ ਤੋਂ ਮਿਲੀ ਲਾਸ਼ ਵ੍ਹਿਟਬੀ ਤੋਂ ਲਾਪਤਾ ਮਹਿਲਾ ਦੀ : ਪੁਲਿਸ

ਟੋਰਾਂਟੋ, 28 ਅਕਤੂਬਰ (ਪੋਸਟ ਬਿਊਰੋ) : ਦਰਹਾਮ ਰੀਜਨਲ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਵ੍ਹਿਟਬੀ ਦੀਆਂ ਲਾਪਤਾ ਦੋ ਮਹਿਲਾਵਾਂ ਵਿੱਚੋਂ ਇੱਕ ਦੀ ਲਾਸ਼ ਮਿਲੀ ਹੈ। ਜਾਂਚਕਾਰਾਂ ਦਾ ਕਹਿਣਾ ਹੈ ਕਿ ਇਹ ਕਤਲ ਦਾ ਮਾਮਲਾ ਹੈ ਤੇ ਇਸ ਦੀ ਜਾਂਚ ਕੀਤੀ ਜਾ ਰਹੀ ਹੈ।

58 ਸਾਲਾ ਏਵਾ ਬਰਟਨ ਤੇ ਉਸ ਦੀ 85 ਸਾਲਾ ਮਾਂ ਤਾਟਿਲਡਾ ਨੋਬਲ 14 ਅਕਤੂਬਰ ਤੋਂ ਹੀ ਲਾਪਤਾ ਸਨ। ਉਸ ਸਮੇਂ ਪੁਲਿਸ ਨੂੰ ਵ੍ਹਿਟਬੀ ਵਿੱਚ ਸੈਪਟਰ ਪਲੇਸ ਵਿੱਚ ਸਥਿਤ ਉਨ੍ਹਾਂ ਦੇ ਘਰ ਵੈੱਲਨੈੱਸ ਚੈੱਕ ਲਈ ਸੱਦਿਆ ਗਿਆ ਸੀ। ਪੁਲਿਸ ਅਧਿਕਾਰੀਆਂ ਨੂੰ ਮੌਕੇ ਉੱਤੇ ਮਹਿਲਾਵਾਂ ਤਾਂ ਨਹੀਂ ਮਿਲੀਆਂ ਪਰ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਸਬੂਤ ਜ਼ਰੂਰ ਮਿਲੇ ਜਿਹੜੇ ਉਨ੍ਹਾਂ ਦੇ ਲਾਪਤਾ ਹੋਣ



ਪਿੱਛੇ ਸ਼ੱਕੀ ਹਾਲਾਤ ਵੱਲ ਇਸ਼ਾਰਾ ਕਰਦੇ ਸਨ।

ਦੋਵਾਂ ਮਹਿਲਾਵਾਂ ਦੇ ਲਾਪਤਾ ਹੋਣ ਤੋਂ ਇੱਕ ਹਫਤੇ ਬਾਅਦ ਜਾਂਚਕਾਰਾਂ ਨੇ ਇੱਕ 30 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ। ਪੁਲਿਸ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਮਸ਼ਕੂਕ ਬਰਟਨ ਦਾ ਲੜਕਾ ਹੀ ਹੈ। ਵ੍ਹਿਟਬੀ ਦੇ ਜੌਸ਼ੂਆ ਬਰਟਨ ਨੂੰ ਆਪਣੀ ਮਾਂ ਤੇ ਗ੍ਰੈਂਡਮਦਰ ਦੀਆਂ ਮੌਤਾਂ ਦੇ ਸਬੰਧ ਵਿੱਚ ਸੈਕਿੰਡ ਡਿਗਰੀ ਮਰਡਰ ਦੇ ਦੋ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ। ਦੋਵਾਂ ਮਹਿਲਾਵਾਂ ਵਿੱਚੋਂ ਕਿਸੇ ਇੱਕ ਦੀ ਵੀ ਲਾਸ਼ ਮਿਲੇ ਬਿਨਾਂ ਹੀ ਪੁਲਿਸ ਨੇ ਉਸ ਖਿਲਾਫ ਚਾਰਜਿਜ਼ ਲਾ ਦਿੱਤੇ ਸਨ। ਵੀਰਵਾਰ ਨੂੰ ਦਰਹਾਮ ਪੁਲਿਸ ਨੇ ਦੱਸਿਆ ਕਿ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੂੰ 24 ਅਕਤੂਬਰ ਦੀ ਸ਼ਾਮ ਨੂੰ ਮੈਰੀਪੋਸਾ ਟਾਊਨਸ਼ਿਪ ਵਿੱਚੋਂ ਕਵਾਰਥਾ ਲੇਕਸ ਏਰੀਆ ਤੋਂ ਦੋ ਲਾਸ਼ਾਂ ਮਿਲੀਆਂ। ਪੁਲਿਸ ਨੇ ਦੱਸਿਆ ਕਿ ਪੋਸਟ ਮਾਰਟਮ ਤੋਂ ਬਾਅਦ ਇਨ੍ਹਾਂ ਵਿੱਚੋਂ ਇੱਕ ਦੀ ਪਛਾਣ 58 ਸਾਲਾ ਏਵਾ ਬਰਟਨ ਵਜੋਂ ਹੋ ਗਈ ਹੈ ਜਦਕਿ ਦੂਜੀ ਲਾਸ਼ ਦੀ ਸ਼ਨਾਖ਼ਤ ਅਜੇ ਨਹੀਂ ਹੋ ਸਕੀ ਹੈ। ਪੁਲਿਸ ਨੇ ਦੱਸਿਆ ਕਿ ਪੋਸਟ ਮਾਰਟਮ ਵਿੱਚ ਦੋਵਾਂ ਵਿਕਟਿਮਜ਼ ਨੂੰ ਦਿੱਤੇ ਗਏ ਟਰੌਮਾ ਦੇ ਨਿਸ਼ਾਨ ਮਿਲੇ ਹਨ।

# ਛੁਰੇਬਾਜ਼ੀ ਕਾਰਨ ਤਿੰਨ ਮਹਿਲਾਵਾਂ ਜ਼ਖ਼ਮੀ

ਸਕਾਰਬਰੋ, 28 ਅਕਤੂਬਰ (ਪੋਸਟ ਬਿਊਰੋ) : ਸਕਾਰਬਰੋ ਦੇ ਬਰਚਮਾਊਂਟ ਪਾਰਕ ਵਿੱਚ ਹੋਈ ਛੁਰੇਬਾਜ਼ੀ ਕਾਰਨ ਤਿੰਨ ਮਹਿਲਾਵਾਂ ਜ਼ਖ਼ਮੀ ਹੋ ਗਈਆਂ ਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ।




ਪੁਲਿਸ ਨੇ ਦੱਸਿਆ ਕਿ ਕਿਸੇ ਉੱਤੇ ਚਾਕੂ ਨਾਲ ਕੀਤੇ ਗਏ ਵਾਰ ਦੀ ਰਿਪੋਰਟ ਦੇ ਕੇ ਉਨ੍ਹਾਂ ਨੂੰ ਰਾਤੀਂ 10:00 ਵਜੇ ਤੋਂ ਪਹਿਲਾਂ ਨਿਊਲੈਂਡਜ਼ ਐਵਨਿਊ ਤੇ ਬਰਚਮਾਊਂਟ ਰੋਡ ਇਲਾਕੇ ਵਿੱਚ ਸੱਦਿਆ ਗਿਆ। ਉੱਥੇ ਪਹੁੰਚਣ ਉੱਤੇ ਪੁਲਿਸ ਨੂੰ ਛੁਰੇਬਾਜ਼ੀ ਕਾਰਨ ਜ਼ਖ਼ਮੀ ਹੋਈ ਇੱਕ ਮਹਿਲਾ ਨਹੀਂ ਸਗੋਂ ਤਿੰਨ ਮਹਿਲਾਵਾਂ ਮਿਲੀਆਂ। ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਤਿੰਨ ਮਹਿਲਾਵਾਂ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ। ਪੁਲਿਸ ਨੇ ਦੱਸਿਆ ਕਿ ਉਹ ਛੇ ਫੁੱਟ ਲੰਮੇਂ ਤੇ 200 ਪਾਊਂਡ ਵਜ਼ਨੀ ਇੱਕ ਪੁਰਸ਼ ਮਸ਼ਕੂਕ ਦੀ ਭਾਲ ਕਰ ਰਹੀ ਹੈ, ਜਿਸ ਨੇ ਆਰੇਂਜ ਐਫਰੋ ਉੱਤੇ ਆਰੇਂਜ ਬੈਂਡਾਨਾ ਪਾਇਆ ਹੋਇਆ ਹੈ। ਜਿਸ ਨੂੰ ਆਖਰੀ ਵਾਰੀ ਆਰੇਂਜ ਸਵੈਟਰ, ਕਾਲੇ ਰੰਗ ਦੀ ਵੈਸਟ ਤੇ ਬ੍ਰਾਊਨ ਪੈਂਟਸ, ਜਿਨ੍ਹਾਂ ਉੱਤੇ ਹਾਰਟਸ ਬਣੇ ਹੋਏ ਹਨ, ਪਾਇਆਂ ਵੇਖਿਆ ਗਿਆ। ਉਸ ਨੂੰ ਬਰਚਮਾਊਂਟ ਰੋਡ ਵੱਲ ਜਾਂਦਿਆਂ ਵੇਖਿਆ ਗਿਆ।

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
BOBBY SIDHU
partner
(Serving the Community for Over 16 yrs.)
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਲੇਡੀ ਵਰਕਰ ਦੀ ਲੋੜ
Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।
ਹੈਂਡੀਮੈਨ ਦੀ ਲੋੜ
ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।
ਸੰਪਰਕ: 416-816-1695
ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

# ਲਾਂਗ ਟਰਮ ਕੇਅਰ ਸੈਕਟਰ ਵਿੱਚ ਸੁਧਾਰ ਸਬੰਧੀ ਬਿੱਲ ਪੇਸ਼ ਕਰੇਗੀ ਓਨਟਾਰੀਓ ਸਰਕਾਰ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਕੋਵਿਡ-19 ਆਊਟਬ੍ਰੇਕਸ ਦੌਰਾਨ ਲਾਂਗ ਟਰਮ ਕੇਅਰ ਸੈਂਟਰਜ਼ ਦੇ ਰੈਜ਼ੀਡੈਂਟਸ ਦਾ ਕਾਫੀ ਨੁਕਸਾਨ ਹੋਇਆ ਸੀ ਤੇ ਇੱਥੇ ਹੀ ਸੱਭ ਤੋਂ ਜ਼ਿਆਦਾ ਮੌਤਾਂ ਵੀ ਹੋਈਆਂ ਸਨ।

ਪ੍ਰੋਵਿੰਸ ਨੇ ਆਖਿਆ ਕਿ ਇਸ ਬਿੱਲ ਵਿੱਚ ਰੈਜ਼ੀਡੈਂਟਸ ਦੇ ਅਧਿਕਾਰਾਂ ਲਈ ਜਵਾਬਦੇਹੀ ਤੈਅ ਕੀਤੀ ਜਾਵੇਗੀ ਤੇ ਮਾਪਦੰਡਾਂ ਨੂੰ ਲਾਗੂ ਕਰਨ ਲਈ ਸਖ਼ਤ ਨਿਯਮ ਬਣਾਏ ਜਾਣਗੇ।

ਫਿਲਿਪਸ ਨੇ ਆਖਿਆ ਕਿ ਸਰਕਾਰ ਵੱਲੋਂ 2025 ਤੱਕ ਸਾਰੇ ਰੈਜ਼ੀਡੈਂਟਸ ਨੂੰ ਰੋਜ਼ਾਨਾਂ ਚਾਰ ਘੰਟੇ ਲਈ ਸਿੱਧੀ ਕੇਅਰ ਮੁਹੱਈਆ ਕਰਵਾਉਣ ਦੇ ਵਾਅਦੇ ਨੂੰ ਵੀ ਇਸ ਬਿੱਲ ਵਿੱਚ ਸ਼ਾਮਲ ਕੀਤਾ ਜਾਵੇਗਾ।

ਇਸ ਬਿੱਲ ਦੇ ਕਾਨੂੰਨ ਬਣਨ ਨਾਲ ਲਾਂਗ ਟਰਮ ਕੇਅਰ ਇੰਸਪੈਕਟਰਜ਼ ਵੀ ਮੌਕੇ ਉੱਤੇ ਹੀ ਚਾਰਜਿਜ਼ ਲਾ ਸਕਣਗੇ।


Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

# ਰਾਮ ਰਹੀਮ ਨੂੰ ਪੰਜਾਬ ਵਿੱਚ ਪੇਸ਼ੀ ਤੋਂ ਹਾਈਕੋਰਟ ਨੇ ਹਾਲ ਦੀ ਘੜੀ ਰਾਹਤ ਬਖਸ਼ੀ

ਚੰਡੀਗੜ੍ਹ, 28 ਅਕਤੂਬਰ, (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ, ਜਿਸ ਦੀ ਫਰੀਦਕੋਟ ਅਦਾਲਤ ਵਿੱਚ 29 ਅਕਤੂਬਰ ਨੂੰ ਪੇਸ਼ੀ ਹੋਣੀ ਸੀ, ਨੂੰ ਹਾਈਕੋਰਟ ਨੇ ਹਾਲ ਦੀ ਘੜੀ ਰਾਹਤ ਦੇ ਦਿੱਤੀ ਹੈ, ਜਿਸ ਕਾਰਨ ਅਜੇ ਉਸ ਨੂੰ ਫਰੀਦਕੋਟ ਨਹੀਂ ਆਉਣਾ ਪਵੇਗਾ।

ਵਰਨਣ ਯੋਗ ਕਿ ਫਰੀਦਕੋਟ ਦੀ ਜੁਡੀਸ਼ਲ ਅਦਾਲਤ ਨੇ ਰਾਮ ਰਹੀਮ ਸਿੰਘ ਨੂੰ 29 ਅਕਤੂਬਰ ਨੂੰ ਪੇਸ਼ ਕਰਨ ਦਾਪ੍ਰੋਡਕਸ਼ਨ ਵਾਰੰਟ ਜਾਰੀ ਕੀਤਾ ਸੀ, ਜਿਸ ਕਾਰਨ ਉਸ ਨੂੰ ਪੇਸ਼ੀ ਲਈ ਪੰਜਾਬਲਿਆਂਦਾ ਜਾਣਾ ਸੀ।ਅਕਾਲੀ-ਭਾਜਪਾ ਦੀ ਸਰਕਾਰ ਦੌਰਾਨ ਸਾਲ 2015 ਵਿਚਹੋਏ ਬਰਗਾੜੀ ਦੇ ਬੇਅਦਬੀ ਕਾਂਡ ਦੀ ਜਾਂਚ ਲਈ ਬਣੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਪੁੱਛਗਿੱਛ ਲਈ ਫਰੀਦਕੋਟ ਅਦਾਲਤ ਵਿਚ ਅਰਜ਼ੀ ਦੇ ਕੇ ਰਾਮ ਰਹੀਮ ਸਿੰਘ ਦਾ ਪ੍ਰੋਡਕਸ਼ਨ ਵਾਰੰਟ ਜਾਰੀ ਕਰਵਾਇਆ ਸੀ। ਸਾਲ 2015 ਦੇ ਬਰਗਾੜੀ ਅਤੇ ਬੁਰਜ ਜਵਾਹਰ ਸਿੰਘ ਵਾਲੇ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਵਿੱਚ ਪੰਜਾਬ ਪੁਲਿਸ ਨੇ ਡੇਰਾ ਮੁਖੀ ਨੂੰ ਦੋਸ਼ੀ ਬਣਾਇਆ ਸੀ ਅਤੇ ਐੱਸ ਆਈ ਟੀ ਇਨ੍ਹਾਂ ਕੇਸਾਂ ਵਿੱਚ ਉਸ ਤੋਂ ਪੁੱਛਗਿੱਛ ਕਰਨਾ ਚਾਹੁੰਦੀ ਸੀ।ਪਿਛਲੇ ਦਿਨੀਂ ਫਰੀਦਕੋਟ ਦੀ ਅਦਾਲਤ ਨੇ ਡੇਰਾ ਮੁਖੀ ਨੂੰ 29 ਅਕਤੂਬਰ ਨੂੰ ਪੇਸ਼ ਕਰਨ ਦੇ ਆਦੇਸ਼ ਦਿੱਤੇ ਸਨ। ਇਸ ਪਿੱਛੋਂ ਡੇਰਾ ਸੱਚਾ ਸੌਦਾ ਦੇ ਪ੍ਰਬੰਧਕਾਂ ਨੇ ਫਰੀਦਕੋਟ ਅਦਾਲਤ ਦੇ ਆਦੇਸ਼ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ ਅਤੇ ਅੱਜ ਵੀਰਵਾਰ ਉਸ ਦੀ ਸੁਣਵਾਈ ਮੌਕੇ ਹਾਈ ਕੋਰਟ ਨੇ ਡੇਰਾ ਮੁਖੀ ਨੂੰ ਪੰਜਾਬ ਲਿਆਉਣ ਲਈ ਫਰੀਦਕੋਟ ਅਦਾਲਤ ਦਾ ਪ੍ਰੋਡਕਸ਼ਨ ਵਾਰੰਟ ਰੱਦ ਕਰ ਕੇ ਆਦੇਸ਼ ਦਿੱਤਾ ਕਿ ਡੇਰਾ ਮੁਖੀ ਤੋਂਪੁੱਛਗਿੱਛ ਹੀ ਕਰਨੀ ਹੈ ਤਾਂ ਹਰਿਆਣਾ ਦੇ ਰੋਹਤਕ ਜ਼ਿਲੇ ਵਿਚਲੀ ਸੁਨਾਰੀਆ ਜੇਲ੍ਹ ਵਿਚ ਵੀ ਕੀਤੀ ਜਾ ਸਕਦੀ ਹੈ।




ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkwy unit #45, Brampton, ON L6S 5T4 Email: grandupholsery@gmail.com

ਤੰਦੂਰੀ ਸ਼ੈੱਫ ਦੀ ਲੋੜ
"ਫਿਊਜ਼ਨ ਬੂਥ", 1900 ਆਕਸਫੋਰਡ ਸਟਰੀਟ, ਲੰਡਨ, ਓਨਟਾਰੀਓ ਵਿਖੇ ਫੁਲ ਟਾਈਮ ਲਈ ਤੰਦੂਰੀ ਸ਼ੈੱਫ ਦੀ ਲੋੜ ਹੈ, ਜੋ ਭਾਰਤੀ ਸਟਾਇਲ ਦੇ ਓਵਨ 'ਚ ਬਰੈੱਡ ਅਤੇ ਮੀਟ ਤਿਆਰ ਕਰਨ ਦੇ ਯੋਗ ਹੋਵੇ। ਘੱਟ ਤੋਂ ਘੱਟ 6 ਮਹੀਨੇ ਦਾ ਤਜਰਬਾ ਹੋਣਾ ਲਾਜ਼ਮੀ ਹੈ, 1 ਸਾਲ ਦੇ ਤਜਰਬੇ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ। ਤਨਖਾਹ ਤਜ਼ਰਬੇ ਦੇ ਹਿਸਾਬ ਨਾਲ ਹੋਵੇਗੀ।
ਸੰਪਰਕ: 647-638-6347

ਕੈਨੇਡੀਅਨ ਪੰਜਾਬੀ ਪੋਸਟ
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## Change of Name

* **I, Soumya,** residing at **74 Washburn Rd, Brampton Ontario L6P3W5,** have changed my name to **Soumya Chauhan.** Henceforth, I shall be known as **Soumya Chauhan** for all purposes.
* **I, Kartik,** residing at **74 Washburn Rd, Brampton Ontario L6P3W5,** have changed my name to **Kartik Chauhan.** Henceforth, I shall be known as **Kartik Chauhan** for all purposes.

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ


## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


WWW.KULWINDERCHHINA.COM
KULWINDERCHHINA
BROKER
647.293.2327

STARLANE PAINTING
Residential • Commercial • Industrial
Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀਂ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢੇਸਾ

A/Z CITY DRIVER WANTED
INNOVATION Transportation
A/Z City Drivers Needed
Good Pay and good Mileage
Day, Afternoon & Weekend Shifts
Weekly Pay
$22 /Hour
7 Days Work • All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਮੁਫਤ ਪਿਕਅਪ ਅਤੇ ਡਰਾਪ ਆਫ
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

ਫੋਨਾਂ ਦੇ ਸਸਤੇ ਪਲਾਨ ਗਾਰੰਟੀ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

You can Place Your Business Here (905)793-2202
To Reach Wider Audience
For more info Call 905-793-2202 or e-mail ads@punjabipost.ca

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।
ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com





# PATAKA FACTORY

# 416-831-5252

## ਜਗਰਾਜ ਸਿੱਧੂ ਵੱਲੋ ਦੀਵਾਲੀ ਦੀਆਂ ਲੱਖ ਲੱਖ ਮੁਬਾਰਕਾਂ

## AMAZING FIREWORKS WHOLESALE PRICES!

### 15+ locations to serve you better

❶ **Main Location**
1753 Albion Rd
Unit 9, Toronto
M9V 1C3

❷ 4525 Ebnezer Rd
Unit 25, Brampton
L6P 2P7

❸ 8917 The Gore
Road, Unit 8,
Brampton
L6P 0B7

❹ 2260 Bovaird Dr E,
Unit 107,
Brampton
L6R 1Z1

❺ 801 Bovaird Dr W,
Brampton
L6X 0T9

❻ 80 Pertosa Dr,
Uni 12, Brampton
L6X 5E9



WWW.PATAKAFACTORY.COM


ONTARIO PC
HARDEEP GREWAL
MPP CANDIDATE BRAMPTON - EAST
HAPPY Diwali
FESTIVAL OF LIGHTS
& BANDI CHHOR DIVAS
"Wishing you and your family a very Happy Diwali and year fillled with good health, happiness and prosperity!"
- Hardeep Grewal
www.HardeepGrewal.com
416-843-2203
/HardeepSinghGrewal


HAPPY Diwali
FESTIVAL OF LIGHTS
Greetings from -
Hon. Prabmeet Sarkaria
MPP, BRAMPTON SOUTH
ਪ੍ਰਬਮੀਤ ਸਰਕਾਰੀਆ
ਵੱਲੋਂ ਬੰਦੀ ਛੋੜ ਦਿਵਸ
ਅਤੇ ਦੀਵਾਲੀ ਦੀਆਂ
ਲੱਖ ਲੱਖ ਵਧਾਈਆਂ
Hon. Prabmeet Sarkaria
MPP, BRAMPTON SOUTH
7700 Hurontario Street, Unit 412A, Brampton, ON L6Y 4M3 | 1.905.796.8669


Other Realtors only Promise
But JAG AUJLA SOLD YOUR HOME WITH
GUARANTEE
Advertisement GUARANTEED Till SOLD
Call For a Quick & Free Home Evaluation
www.BramptonQuickHomeEvaluation.com
Top 1% Broker
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage
(Independently Owned and Operated)
Off: 905-456-3232
www.BramptonTopRelator.com
ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ
CALEDON
BRAND NEW HOUSE FOR SALE ON ASSIGNMENT (IN CALEDON)
ਕੈਨੇਡੀ / ਦੂੱਗਲ
ਬਰੈਂਡ ਨੀਉ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਈਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇਂ ਸੰਪਰਕ ਕਰ ਸਕਦੇ ਹੋ।
BRAMPTON
$1,999,905
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਊਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ।
BRAMPTON
Sold, $1,280,000
$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777
BRAMPTON
Sold, $ 835,000
$749,905
William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।
BRAMPTON
Sold, $ 1,130,000
34 Winterfold Dr
CREDITVIEW & BOVAIRD (MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।
Sold, $ 2.3 M
Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

# ਪੀਲ ਪੁਲੀਸ ਦੇ ਪੰਜਾਬੀ ਕਮਿਊਨਿਟੀ ਨਾਲ ਸਬੰਧਾਂ ਵਿੱਚ ਇੱਕ ਨਵੀਂ ਸ਼ੁਰੂਆਤ- ਇੱਕ ਨਵੀਂ ਉਮੀਦ









**ਪੀਲ ਪੁਲੀਸ ਦੇ ਪੰਜਾਬੀ ਕਮਿਊਨਿਟੀ ਨਾਲ ਹੋਏ ਪ੍ਰੋਗਰਾਮ ਦੀਆਂ ਕੁਝ ਯਾਦਗਾਰ ਤਸਵੀਰਾਂ**

...ਪੰਨਾ 1 ਦਾ ਬਾਕੀ

ਕਿਹਾ ਜਾ ਸਕਦਾ ਹੈ ਕਿ ਕਰੀਬ ਡੇਢ ਦਹਾਕੇ ਦੇ ਲੰਬੇ ਸਮੇਂ ਤੋਂ ਬਾਅਦ ਇਹ ਇੱਕ ਅਜਿਹਾ ਸਮਾਗਮ ਸੀ ਜੋ ਨਵੀਆਂ ਸੰਭਾਵਨਾਵਾਂ ਲਈ ਪੈੜਾਂ ਛੱਡ ਕੇ ਗਿਆ ਹੈ। 2005 ਵਿੱਚ ਰਿਟਾਇਰ ਹੋਏ ਪੁਲੀਸ ਮੁਖੀ ਨੋਇਲ ਕੈਟਨੀ ਦੇ ਸਮੇਂ ਕਮਿਉਨਿਟੀ ਨਾਲ ਸਬੰਧ ਚੰਗੇ ਹੁੰਦੇ ਸਨ ਜਿਸ ਵਿੱਚ ਨੋਇਲ ਦਾ ਆਪਣਾ ਪ੍ਰਮੁੱਖ ਰੋਲ ਹੁੰਦਾ ਸੀ। ਇਹ ਨੋਇਲ ਹੀ ਸੀ ਜਿਸਨੇ ਪੀਲ ਮਲਟੀਕਲਚਰਲ ਕਾਉਂਸਲ ਦੇ ਸਹਿਯੋਗ ਨਾਲ ਰੇਸ ਅਗੇਂਸਟ ਰੇਸਿਜ਼ਮ (Race Against Racism) ਦੇ ਆਰੰਭ ਕਰਨ ਵਿੱਚ ਮਹੱਤਵਪੂਰਣ ਰੋਲ ਅਦਾ ਕੀਤਾ ਸੀ। ਉਸਤੋਂ ਬਾਅਦ ਕਈ ਅਜਿਹੀਆਂ ਘਟਨਾਵਾਂ ਹੋਈਆਂ ਜਿਹਨਾਂ ਸਦਕਾ ਭਾਈਚਾਰੇ ਨੂੰ ਪੁਲੀਸ ਵਿਰੁੱਧ ਮੁਜ਼ਾਹਰੇ ਕਰਨੇ ਪਏ। ਜਿੱਥੇ ਇਹ ਮੁਜ਼ਾਹਰੇ ਆਪਣੀ ਥਾਂ ਵਾਜਬ ਸਨ, ਉੱਥੇ ਅਗਲੇ ਸਾਲਾਂ ਵਿੱਚ ਕਮਿਉਨਿਟੀ ਅਤੇ ਪੁਲੀਸ ਦਰਮਿਆਨ ਨੇੜਤਾ ਵਾਲਾ ਸਬੰਧ ਖਿੱਲਰ ਕੇ ਰਹਿ ਗਿਆ। ਬੁੱਧਵਾਰ ਨੂੰ ਹੋਈ ਕਮਿਉਨਿਟੀ ਈਵੈਂਟ ਤੋਂ ਬਾਅਦ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਵਰਤਮਾਨ ਪੁਲੀਸ ਮੁਖੀ ਨਿਸ਼ਾਨ ਦੁਰਿਆਅੱਪਾ ਪੰਜਾਬੀ ਭਾਈਚਾਰੇ ਨਾਲ ਚੰਗੇ ਸਬੰਧਾਂ ਨੂੰ ਮੁੜ ਮਜ਼ਬੂਤ ਕਰਨ ਦਾ ਸਹੀ ਮਾਅਨਿਆਂ ਵਿੱਚ ਇੱਛੁਕ ਹੈ। ਉਸਨੇ ਵਾਅਦਾ ਕੀਤਾ ਹੈ ਕਿ ਅੱਜ ਆਰੰਭ ਹੋਈ ਪਿਰਤ ਨੂੰ ਜਾਰੀ ਰੱਖਿਆ ਜਾਵੇਗਾ। ਸ੍ਰੀਲੰਕਾ ਪਿਛੋਕੜ ਤੋਂ ਆਉਣ ਵਾਲੇ ਮੁਖੀ ਨੇ ਆਸ ਜਾਹਰ ਕੀਤੀ ਕਿ ਉਹ ਪੰਜਾਬੀ ਭਾਈਚਾਰੇ ਨਾਲ ਮਿਲ ਕੇ ਅਜਿਹਾ ਮਾਹੌਲ ਕਾਇਮ ਕਰਨ ਦਾ ਖਵਾਹਿਸ਼ਮੰਦ ਹੈ ਜਿਸ ਨਾਲ ਪੀਲ ਰੀਜਨ ਵਿਸ਼ਵ ਪਰਵਾਸੀ ਬਹੁ-ਗਿਣਤੀ ਵਾਲੇ ਸ਼ਹਿਰਾਂ ਵਿੱਚ ਗਿਣਿਆ ਜਾਣ ਲੱਗੇ ਜਿੱਥੇ ਪੁਲੀਸ ਅਤੇ ਕਮਿਉਨਿਟੀ ਇੱਕ ਦੂਜੇ ਦੇ ਪੂਰਕ ਬਣਕੇ ਖੂਬਸੂਰਤ ਸਮਾਜ ਦੀ ਸਿਰ-ਜਣਾ ਕਰਦੇ ਹਨ।


ਆਖਦੇ ਹਨ ਕਿ ਆਸਾਂ ਨੂੰ ਮੁਰਾਦਾਂ ਲੱਗਦੀਆਂ ਹਨ। ਇਸ ਸਮਾਗਮ ਨੇ ਇੱਕ ਆਸ ਨੂੰ ਜਨਮ ਦਿੱਤਾ ਕਿ ਸਾਡੀ ਕਮਿਉਨਿਟੀ ਦੇ ਹੋਰ ਹਿੱਸੇ ਇਸ ਚੰਗੀ ਸ਼ੁਰੂਆਤ ਤੋਂ ਲਾਭ ਲੈ ਕੇ ਗੱਲ ਨੂੰ ਹੋਰ ਅਗਾਂਹ ਤੋਰਨਗੇ। ਪੁਲੀਸ ਅਤੇ ਭਾਈਚਾਰੇ ਦਰਮਿਆਨ ਰਾਬਤੇ ਨੂੰ ਹਰ ਪੱਧਰ ਉੱਤੇ ਮਜ਼ਬੂਤ ਕਰਨ ਲਈ ਮੀਡੀਆ ਪਹਿਲੀ ਕੜੀ ਵਾਗੂੰ ਤਾਂ ਅੱਗੇ ਆ ਸਕਦਾ ਹੈ ਪ੍ਰਤੂੰ ਅਸਲ ਗੱਲ ਕਮਿਉਨਿਟੀ ਦੇ ਹਰ ਵਰਗ ਵੱਲੋਂ ਚੇਤੰਨ ਹੋ ਕੇ ਰੋਲ ਅਦਾ ਕਰਨ ਨਾਲ ਹੀ ਬਣਨੀ ਹੈ। ਇਸ ਗੱਲ ਨੂੰ ਮਹਿਸੂਸ ਕਰਦੇ ਹੋਏ ਸਮਾਗਮ ਦੌਰਾਨ ਇੰਡੀਆ ਰੇਨਬੋਅ, ਪੀਲ ਮਲਟੀਕਲਚਰਲ ਕਾਉਂਸਲ ਅਤੇ ਓਟਾਰੀਓ ਸਿੱਖਸ ਐਂਡ ਗੁਰਦਵਾਰਾ ਕੌਂਸਲ ਟੋਰੋਂਟੋ ਵਿਖੇ ਖੇਡ ਜਗਤ ਨਾਲ ਜੁੜੀਆਂ ਵੱਖ-ਵੱਖ ਸੰਸਥਾਵਾਂ, ਵੱਖ-ਵੱਖ ਗੁਰੁਦਆਰਾ ਸਾਹਿਬਾਨ ਦੇ ਮੈਂਬਰ, ਗੱਲ ਕੀ ਭਾਈਚਾਰੇ ਦੇ ਹਰ ਖੇਤਰਾ ਨਾਲ ਜੁੜੀਆਂ ਸ਼ਖਸੀਅਤਾਂ ਨੇ ਇਸ ਸਮਾਗਮ ਦੀ ਮਹੱਤਤਾ ਨੂੰ ਬਾਖੂਬੀ ਪਹਿਚਾਣਿਆ ਗਿਆ।

ਕੈਨੇਡੀਆਨ ਪੰਜਾਬੀ ਬਰਾਡਕ-ਾਸਟਰਸ ਐਸੋਸੀਏਸ਼ਨ ਦੇ ਕੋਆਰਡੀਨੇਟਰ ਜਗਦੀਸ਼ ਗਰੇਵਾਲ ਅਤੇ ਸਰਬਜੀਤ ਅਰੋੜਾ ਵਲੋਂ ਜਿੱਥੇ ਸਟੇਜ ਸੰਭਾਲੀ ਗਈ, ਉਥੇ ਹੀ ਸੰਸਥਾ ਦੇ ਵੱਖ-ਵੱਖ ਮੈਂਬਰਾਂ ਨੇ ਆਪਣੀਆਂ ਜਿੰਮੇਵਾਰੀਆਂ ਬਖੂਬੀ ਨਿਭਾਈਆਂ। ਕੈਨੇਡੀਅਨ ਪੰਜਾਬੀ ਬਰਾਡਕਾਸਟਰਸ ਐਸੋਸੀਏਸ਼ਨ ਦੇ ਮੈਂਬਰਾ ਦੁਆਰਾ ਨਿਭਾਏ ਗਏ ਸਾਂਝੇ ਯਤਨਾਂ ਸਦਕਾ ਸਮਾਗਮ ਵਿਚ ਹਰ ਸਿਆਸੀ ਪਾਰਟੀ ਦੇ ਆਗੂ ਤੇ ਸੈਕੜੇ ਉਨ੍ਹਾਂ ਪਤਵੰਤਿਆਂ ਨੇ ਭਾਗ ਲਿਆ, ਜੋ ਲੋਕ ਰਾਏ ਨੂੰ ਕਾਇਮ ਕਰਨ ਵਿੱਚ ਰੋਲ ਅਦਾ ਕਰਨ ਦੀ ਸਮਰੱਥਾ ਰੱਖਦੇ ਹਨ। ਸਿਆਸੀ ਆਗੂਆਂ ਵਿੱਚ ਉਂਟੇਰੀਓ ਦੀ ਸਾਲੀਸਟਰ ਜਨਰਲ ਸਿਲਵੀਆ ਜੋਨਜ਼, ਮੰਤਰੀ ਪ੍ਰਭਮੀਤ ਸਿੰਘ ਸਰਕਾਰੀਆ, ਮੰਤਰੀ ਨੀਨਾ ਟਾਂਗੜੀ, ਐਮ ਪੀ ਪੀ ਅਮਰਜੋਤ ਸੰਧੂ, ਐਮ ਪੀ ਪੀ ਦੀਪਕ ਆਨੰਦ, ਐਮ ਪੀ ਪੀ ਗੁਰਰਤਨ ਸਿੰਘ, ਐਮ ਪੀ ਮਨਿੰਦਰ ਸਿੰਘ, ਐਮ ਪੀ ਇਕਵਿੰਦਰ ਗਿਹੀਰ, ਐਮ ਪੀ ਰੂਬੀ ਸਹੋਤਾ, ਐਮ ਪੀ ਸੋਨੀਆ ਸਿੱਧੂ, ਬਰੈਂਪਟਨ ਮੇਅਰ ਪੈਟਰਿਕ ਬਰਾਊਨ, ਕੈਲੇਡਾਨ ਦੇ ਮੇਅਰ ਐਲਨ ਥੋਮਸਨ, ਕੌਂਸਲਰ ਹਰਕੀਰਤ ਸਿੰਘ, ਪੈਟ ਫਰਟੀਨੀ, ਮਾਈਕਲ ਪਲੈਸ਼ੀ ਤੇ ਰੀਜਨਲ ਕੌਂਸਲਰ ਗੁਰਪ੍ਰੀਤ ਢਿੱਲੋਂ ਤੇ ਹੋਰ ਸਿਆਸੀ ਆਗੂਆਂ ਨੇ ਸ਼ਿਰਕਤ ਕੀਤੀ।

ਸਮਾਗਮ ਦਾ ਪਹਿਲਾ ਹਿੱਸਾ ਮੀਡੀਆ ਨਾਲ ਰਾਊਂਡ ਟੇਬਲ ਮੀਟਿੰਗ ਦਾ ਸੀ, ਜਿਸ ਵਿਚ ਮੀਡੀਆ ਵਲੋਂ ਪੁਲਸ ਨਾਲ ਚੋਰੀ ਹੋ ਰਹੇ ਟਰੱਕ ਟਰੇਲਰ (Cargo Theft), ਸਕੂਲਾਂ, ਪਾਰਕਾਂ ਅਤੇ ਪਲਾਜ਼ਿਆਂ ਦੇ ਬਾਹਰ ਸ਼ਰੇਆਮ ਲੋਕਾਂ ਵਲੋਂ ਵੇਚੀ ਜਾ ਰਹੀ ਡਰੱਗਜ਼, ਗਨ ਕ੍ਰਾਈਮ, ਮੈਂਟਲ ਹੈਲਥ, ਚੋਰੀ ਦੀਆਂ ਵਾਰਦਾਤਾਂ, ਆਏ ਦਿਨ ਹੋ ਰਹੇ ਮੁਜਾਹਰੇ ਅਤੇ ਟਰੈਫਿਕ ਸਬੰਧੀ ਪੁਲਸ ਦਾ ਰਵੱਈਆ ਆਦਿ ਮੁੱਦਿਆਂ ਉਤੇ ਵਿਚਾਰਾਂ ਕੀਤੀਆਂ ਗਈਆਂ। ਦੂਸਰੇ ਹਿਸੇ ਵਿਚ ਭਾਈਚਾਰੇ ਨਾਲ ਮੇਲ ਮਿਲਾਪ ਲਈ ਇਕ ਘੰਟੇ ਦਾ ਸਮਾਂ ਰੱਖਿਆ ਗਿਆ ਅਤੇ ਤੀਸਰੇ ਹਿੱਸੇ ਵਿਚ ਈਵੈਂਟ ਸੈਂਟਰ ਅੰਦਰ ਜਿੱਥੇ ਵੱਖ-ਵੱਖ ਬੁਲਾਰਿਆਂ ਵਲੋਂ ਸੰਬੋਧਨ ਕੀਤਾ ਗਿਆ,ਉਥੇ ਪੁਲਸ ਮੁਖੀ ਵਲੋਂ ਆਪਣਾ ਕੁੰਜੀਵਤ ਭਾਸ਼ਣ ਦਿਤਾ ਗਿਆ। ਇਸੇ ਸਮੇਂ ਦੌਰਾਨ ਕੈਨੇਡੀਅਨ ਪੰਜਾਬੀ ਬਰਾਡਕਾਸਟਰਸ ਐਸੋਸੀਏਸ਼ਨ ਵਲੋਂ ਵਈਸ ਚੇਅਰ ਰੌਨ ਚੱਠਾ ਅਤੇ ਕੁਈਨਜ਼ ਮੈਂਨਰ ਈਵੈਂਟ ਸੈਂਟਰ ਦੇ ਸੰਚਾਲਕ ਸੁੱਖ ਸੰਧੂ, ਲੱਕੀ ਵਾਲੀਆ, ਮੋਨੂ ਵਾਲੀਆ ਅਤੇ ਨਾਲ ਹੀ ਨੀਟਾ ਵਾਲੀਆ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਇਸੇ ਤਰ੍ਹਾਂ ਹੀ ਪੁਲਸ ਮੁਖੀ ਨੂੰ ਜਿਥੇ ਦੀ ਗਰੇਟ ਫਰੈਂਡਜ਼ ਕਲੱਬ ਵਲੋਂ ਸਨਮਾਨ ਚਿੰਨ੍ਹ ਦਿਤਾ ਗਿਆ, ਉਥੇ ਹੀ ਕੈਨੇਡੀਅਨ ਪੰਜਾਬੀ ਬਰਾਡਕਾਸਟਰਸ ਵਲੋਂ ਵੀ ਪੁਲਸ ਮੁਖੀ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਆ ਗਿਆ।

ਸਮਾਗਮ ਦਾ ਇੱਕ ਹੋਰ ਦਿਲਚਸਪ ਪਹਿਲੂ ਇਹ ਰਿਹਾ ਕਿ ਕੁਈਨ ਮੈਨੋਰ ਈਵੈਂਟ ਸੈਂਟਰ ਵੱਲੋਂ ਸਾਰੀਆਂ ਸੇਵਾਵਾਂ ਮੁਫ਼ਤ ਮੁਹਈਆ ਕੀਤੀਆਂ ਗਈਆਂ। ਉਹਨਾਂ ਦਾ ਯੋਗਦਾਨ ਇਸ ਗੱਲ ਦਾ ਵੀ ਪ੍ਰਤੀਕ ਹੈ ਕਿ ਹੁਣ ਪੀਲ ਰੀਜਨ ਵਿੱਚ ਪੰਜਾਬੀ ਬਿਜਸਨ ਇਸ ਮੁਕਾਮ ਉੱਤੇ ਪੁੱਜ ਚੁੱਕੇ ਹਨ ਕਿ ਉਹ ਕਮਿਉਨਿਟੀ ਦੇ ਅੱਛੇ ਭੱਵਿਖ ਲਈ ਹਰ ਕਿਸਮ ਦਾ ਸਾਧਨ ਮੁਹੱਈਆ ਕਰਵਾਉਣ ਦੇ ਕਾਬਲ ਹੋ ਚੁੱਕੇ ਹਨ।





ਆਪ ਸਭ ਨੂੰ ਬੰਦੀ ਛੋੜ ਦਿਵਸ
ਅਤੇ ਦੀਵਾਲੀ ਦੀਆਂ
ਲੱਖ ਲੱਖ ਵਧਾਈਆਂ
HAPPY
DIWALI
Greetings from -
Trillium Group of Companies
TRILLIUM
ROADWAYS
Excellence on Roads Unprecedented in Service
Trillium Expedite
Trillium Logistics
T: 905-795-9666 | 1-877-840-6006
Email: info@trilliumroadways.ca
Fax: 905-795-9802 | www.trilliumroadways.ca

# NMT
## NEW MILLENIUM TIRE



ਨਿਓ ਮਿਲੇਨੀਅਮ ਟਾਇਰ ਵਲੋਂ
ਬੰਦੀਛੋੜ ਦਿਵਸ ਤੇ ਦਿਵਾਲੀ ਦੀ
ਲੱਖ ਲੱਖ ਵਧਾਈ

## Head Office

25 Clark Blvd. Brampton, Ontario L6W 1X4
(Hwy 410 / Clark Blvd) Fax 905-452-9595

**905.452.0111**

## Eleven Locations to Serve You

**Surrey**
12085-103/A Ave
Surrey, BC V3V 3G7
604-588-6110

**Calgary**
925-26 Street, NE
Calgary, Alberta
T3N 1A2 | 403-235-3411

**Edmonton**
3731 69 Avenue NW
Edmonton, Alberta
T6B 3G4 | 780-485-0026

**Windsor**
11305 County Rd 42
Tecumseh, Ontario
N8N 2M1 | 519-735-0006

**Quebec**
2550 Chemin Petite
RiviereVaudreuil, Quebec
J7V 8P2 | 450-455-2307

**Hamilton**
50 Covington St
Hamilton, ON L8E 2Y5
905-661-0111

**Oakville**
670 Fourth Line #20
Oakville, ON L6L 5B2
905-845-0770

**Elmslie**
7921 Rue Elmslie
LaSalle, QC H8N 2W6
438-938-7886

**Port Kells**
9718-188 St. Surrey,
BC V4N 3M2
604-371-4555

**Regina**
1009 Wellings Road
Regina, SK S4N 2C6
306-216-0610

**Saskatoon**
133 Wakooma St.
Saskatoon, SK S7R 1A7
306-954-9999

MICHELIN · BFGoodrich · UNIROYAL · YOKOHAMA · TOYO TIRES driven to perform · Continental · GENERAL TIRE · HERCULES TIRE · Hankook driving emotion · KUMHO TIRES · SAILUN TIRES · AEOLUS TYRES

www.newmilleniumtire.com